Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post


TOP 4% TREB REALTOR 2018
"Believe In The Best" ROYAL CANADIAN
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
MLS MULTIPLE LISTING SERVICE
Hardeep Sivia BROKER
647-970-7374
www.HardeepSivia.com

Vol 18 *Issue 158 | Monday, August 19, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

# ਆਗੂਆਂ ਦੀ ਹੋਣ ਵਾਲੀ ਬਹਿਸ ਵਿੱਚ ਥਾਂ ਬਣਾਉਣ ਦੀ ਬਰਨੀਅਰ ਨੂੰ ਪੂਰੀ ਆਸ

ਓਟਵਾ, 18 ਅਗਸਤ (ਪੋਸਟ ਬਿਊਰੋ) : ਆਪਣੇ ਪ੍ਰਸ਼ੰਸਕਾਂ ਤੇ ਸਮਰਥਕਾਂ ਦੀ ਭੀੜ ਨੂੰ ਸੰਬੋਧਨ ਕਰਦਿਆਂ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਆਗੂ ਮੈਕਸਿਮ ਬਰਨੀਅਰ ਨੇ ਆਖਿਆ ਕਿ ਚੋਣਾਂ ਸਬੰਧੀ ਹੋਣ ਵਾਲੀ ਬਹਿਸ ਵਿੱਚ ਉਨ੍ਹਾਂ ਨੂੰ ਸੱਦਾ ਨਾ ਦਿੱਤੇ ਜਾਣ ਦਾ ਮਤਲਬ ਇਹ ਹੈ ਕਿ ਸਿਰਫ ਉਨ੍ਹਾਂ ਦੀ ਪਾਰਟੀ ਹੀ ਅਜਿਹੀ ਹੈ ਜਿਸ ਕੋਲ ਵੱਖਰਾ ਕਹਿਣ ਲਈ ਕੁੱਝ ਹੈ।




ਗੈਟਿਨਿਊ, ਕਿਊਬਿਕ ਵਿੱਚ ਐਤਵਾਰ ਨੂੰ ਹੋਏ ਪਾਰਟੀ ਦੇ ਪਹਿਲੇ ਕੌਮੀ ਇਜਲਾਸ ਦੇ ਸਮਾਪਤੀ ਭਾਸ਼ਣ ਵਿੱਚ ਬਰਨੀਅਰ ਨੇ ਆਖਿਆ ਕਿ ਜੇ ਉਹ ਉੱਥੇ ਨਹੀਂ ਹੋਣਗੇ ਤਾਂ ਉਹ ਅਸਲੀ ਬਹਿਸ ਨਹੀਂ ਹੋਵੇਗੀ। ਤਿੰਨ ਦਿਨ ਚੱਲੇ ਇਸ ਇਜਲਾਸ ਵਿੱਚ ਉਮੀਦਵਾਰਾਂ ਤੇ ਕੈਂਪੇਨ ਟੀਮਜ਼ ਨੇ ਇਹ ਸਿੱਖਿਆ ਕਿ ਲੋਕਾਂ ਨੂੰ ਆਕਰਸ਼ਿਤ ਤੇ ਪ੍ਰਭਾਵਿਤ ਕਿਵੇਂ ਕਰਨਾ ਹੈ । ਕਿਊਬਿਕ ਤੋਂ ਐਮਪੀ ਬਰਨੀਅਰ ਨੇ ਕਈ ਸਾਲਾਂ ਤੱਕ ਕੰਜ਼ਰਵੇਟਿਵਾਂ ਦੀ ਨੁਮਾਇੰਦਗੀ ਕੀਤੀ ਤੇ 2017 ਵਿੱਚ ਹੋਈ ਲੀਡਰਸ਼ਿਪ ਦੌੜ ਵਿੱਚ ਉਹ ਦੂਜੇ ਸਥਾਨ ਉੱਤੇ ਰਹੇ।

ਬਰਨੀਅਰ ਨੇ ਆਖਿਆ ਕਿ ਲਿਬਰਲਾਂ, ਐਨਡੀਪੀ, ਗ੍ਰੀਨਜ਼, ਬਲਾਕ ਕਿਊਬਿਕੁਆ ਤੇ ਉਨ੍ਹਾਂ ਦੀ ਸਾਬਕਾ ਪਾਰਟੀ ਸਾਰੇ ਹੀ ਇਮੀਗ੍ਰੇਸ਼ਨ, ਕਲਾਈਮੇਟ ਚੇਂਜ ਅਤੇ ਡੇਅਰੀ ਖੇਤਰ ਵਿੱਚ ਸਪਲਾਈ ਮੈਨੇਜਮੈਂਟ ਲਈ ਇੱਕੋ ਜਿਹੇ ਵਿਚਾਰ ਰੱਖਦੇ ਹਨ।

...ਬਾਕੀ ਪੰਨਾ 4 'ਤੇ

# ਭਾਰਤੀ ਮੂਲ ਦੀ ਲੜਕੀ ਬਰੈਂਪਟਨ ਤੋਂ ਲਾਪਤਾ

ਬਰੈਂਪਟਨ, 18 ਅਗਸਤ (ਪੋਸਟ ਬਿਊਰੋ) : ਭਾਰਤੀ ਮੂਲ ਦੀ 27 ਸਾਲਾ ਲੜਕੀ 14 ਅਗਸਤ ਤੋਂ ਬਰੈਂਪਟਨ ਤੋਂ ਲਾਪਤਾ ਹੈ। ਉਸ ਦੀ ਭਾਲ ਲਈ ਪੁਲਿਸ ਲੋਕਾਂ ਤੋਂ ਮਦਦ ਮੰਗ ਰਹੀ ਹੈ। ਹੈਮਿਲਟਨ ਪੁਲਿਸ ਨੂੰ ਉਸ ਦੇ ਸਪੈਂਸਰ ਜਾਰਜ ਏਰੀਆ ਵਿੱਚ ਹੋਣ ਦਾ ਵੀ ਪਤਾ ਲੱਗਿਆ ਹੈ। ਲਵਲੀਨ ਧਵਨ ਨਾਂ ਦੀ ਇਸ ਲੜਕੀ ਨੂੰ ਆਖਰੀ ਵਾਰੀ 14 ਅਗਸਤ ਨੂੰ ਸਵੇਰੇ 9:30 ਵਜੇ ਬਰੈਂਪਟਨ ਦੇ ਮੈਕਲਾਫਲਿਨ ਰੋਡ ਸਾਊਥ ਤੇ ਸਟੀਲਜ਼ ਐਵਨਿਊ ਵੈਸਟ ਇਲਾਕੇ ਵਿੱਚ ਵੇਖਿਆ ਗਿਆ ਸੀ। ਲਵਲੀਨ 5 ਫੁੱਟ 7 ਇੰਚ ਦੀ ਪਤਲੀ ਕੱਦ ਕਾਠੀ ਵਾਲੀ ਕੁੜੀ ਹੈ ਜਿਸਦਾ ਵਜ਼ਨ 125 ਪਾਊਂਡ ਹੈ। ਉਸ ਦੇ ਮੋਢਿਆਂ ਤੱਕ ਕਾਲੇ ਵਾਲ ਹਨ ਤੇ ਆਖਰੀ ਵਾਰੀ ਜਦੋਂ ਉਸ ਨੂੰ ਵੇਖਿਆ ਗਿਆ ਸੀ ਤਾਂ ਉਸ ਨੇ ਚਿੱਟੇ ਰੰਗ ਦੀ ਟੀ-ਸ਼ਰਟ ਤੇ ਭੂਰੇ ਰੰਗ ਦੀ ਟਰੈਕ ਪੈਂਟ ਪਾਈ ਹੋਈ ਸੀ।

ਪੁਲਿਸ ਉਸ ਹਾਈਕਰ ਨੂੰ ਵੀ ਭਾਲ ਰਹੀ ਹੈ ਜਿਸ ਨੂੰ ਕਾਰ ਦੀਆਂ ਚਾਬੀਆਂ ਦਾ ਗੁੱਛਾ ਮਿਲਿਆ ਸੀ ਤੇ ਜਿਸ ਨੇ ਉਸ ਨੂੰ ਡੰਡਾਸ ਵਿੱਚ 607 ਹਾਰਵੈਸਟ ਰੋਡ ਸਥਿਤ ਟਿਊ ਫਾਲਜ਼ ਦੀ ਪਾਰਕਿੰਗ ਵਾਲੀ ਥਾਂ ਉੱਤੇ ਹਿਊਂਡਾਇ ਦੀ ਏਲਾਂਤਰਾ ਗੱਡੀ ਉੱਤੇ ਰੱਖ ਦਿੱਤਾ ਸੀ। ਹੈਮਿਲਟਨ ਪੁਲਿਸ ਨੂੰ ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਲਾਪਤਾ ਲੜਕੀ ਦੇ ਪਰਿਵਾਰ ਨਾਲ ਸਬੰਧਤ ਇਹ ਚਾਬੀਆਂ ਕਾਰ ਉੱਤੇ ਕਿਸ ਦਿਨ ਛੱਡੀਆਂ ਗਈਆਂ।

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

# ਕਾਰ ਹਾਦਸੇ ਵਿੱਚ ਇੱਕ ਟੀਨੇਜਰ ਦੀ ਮੌਤ, ਤਿੰਨ ਹੋਰ ਜ਼ਖ਼ਮੀ

ਕੈਪਸਕਾਸਿੰਗ, ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਉੱਤਰੀ ਓਨਟਾਰੀਓ ਵਿੱਚ ਹੋਏ ਹਾਦਸੇ ਵਿੱਚ ਇੱਕ ਟੀਨੇਜਰ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।



ਓਪੀਪੀ ਨੇ ਦੱਸਿਆ ਕਿ ਕੈਪਸਕਾਸਿੰਗ, ਓਨਟਾਰੀਓ ਵਿੱਚ ਸ਼ੁੱਕਰਵਾਰ ਰਾਤੀਂ 8:15 ਵਜੇ ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਮੌਕੇ ਉੱਤੇ ਸੱਦਿਆ ਗਿਆ। ਉਨ੍ਹਾਂ ਦੱਸਿਆ ਕਿ ਗੱਡੀ ਵਿੱਚ ਸਵਾਰ ਚਾਰਾਂ ਨੌਜਵਾਨਾਂ ਨੂੰ ਸੱਟਾਂ ਲੱਗੀਆਂ ਸਨ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਜਾਂਚਕਾਰਾਂ ਨੇ ਦੱਸਿਆ ਕਿ ਇੱਕ 17 ਸਾਲਾ ਲੜਕੀ ਨੂੰ ਹਸਪਤਾਲ ਪਹੁੰਚਣ ਉਪਰੰਤ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਉਹ ਅਜੇ ਵੀ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।



ਬੀਤੇ ਸ਼ੁੱਕਰਵਾਰ ਸਵੇਰੇ ਕੌਂਸਲੇਟ ਜਨਰਲ ਦੇ ਦਫ਼ਤਰ ਵਿਖੇ, ਸ਼ਾਮ ਨੂੰ ਬਰੈਂਪਟਨ ਟੇ ਪੀਅਰਸਨ ਕੰਨਵੈਨਸ਼ਨ ਸੈਂਟਰ ਵਿਖੇ ਅਤੇ ਐਤਵਾਰ ਡਾਊਨਟਾਊਨ ਟਰੰਟੋ ਸਿਟੀ ਹਾਲ ਵਿਖੇ ਮਨਾਏ ਗਏ ਆਜ਼ਾਦੀ ਦਿਵਸ ਮੌਕੇ ਪੰਜਾਬ ਦੀ ਝਲਕੀ। ਹੋਰ ਤਸਵੀਰਾਂ ਪੰਨਾ 6 'ਤੇ ਦੇਖੋ। (ਫੋਟੋ : ਕੰਵਲਜੀਤ ਕੰਵਲ)

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

JOSHI LAW OFFICE
Barrister, Solicitor & Notary Public
info@joshilawoffice.com | joshilawoffice.com
• Immigration
• Real Estate / Commercial Law
• Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry

*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
DENTISTRY
Countryside Dr



# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com

Laddi



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**



# TCMPLUS
**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**
- ✔ Diabetes
- ✔ Low Energy
- ✔ Depression
- ✔ Anxiety
- ✔ Gout
- ✔ Disc Pain
- ✔ Prostatitis
- ✔ High Blood Pressure
- ✔ Cron's Disease
- ✔ Colitis
- ✔ Stress
- ✔ Acid Reflux
- ✔ Digestive
- ✔ Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill



# SASH FLEET HOLDING LTD
Established since 2007

**NOW HIRING!!!**
**AZ DRIVERS FOR US**
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

**HIRING!!! Operations Manager**
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਲਾਈਆਂ ਰੋਕਾਂ ਸੀ ਬਹੁਤ ਕਸ਼ਮੀਰ ਅੰਦਰ,
ਦਿੱਤੀਆਂ ਕੱਲ੍ਹ ਸੀ ਸੁਣੀਦੀਆਂ ਚੁੱਕ ਮੀਆਂ।
ਸਾਰੇ ਭਾਰਤ ਦੇ ਲੋਕਾਂ ਨੇ ਸਮਝ ਲਿਆ ਸੀ,
ਵਕਤ ਔਕੜ ਦਾ ਗਿਆ ਕੁਝ ਮੁੱਕ ਮੀਆਂ।
ਪਹਿਰਾਂ ਅੱਠਾਂ ਤੋਂ ਪਹਿਲਾਂ ਹੈ ਆਣ ਪਹੁੰਚਾ,
ਖਬਰਾਂ ਚੰਦਰੀਆਂ ਦਾ ਭਰਿਆ ਬੁੱਕ ਮੀਆਂ।
ਵਿਗੜੇ ਵਾਦੀ ਵਿੱਚ ਫੇਰ ਹਾਲਾਤ ਸੁਣਿਆ,
ਸੁਰੱਖਿਆ ਗਈ ਆ ਜਾਪਦੀ ਉੱਕ ਮੀਆਂ।
ਫਿਰ ਤੋਂ ਕਹਿੰਦੇ ਪਾਬੰਦੀ ਹੈ ਪਈ ਲਾਉਣੀ,
ਜਨਤਾ ਘਰਾਂ ਦੇ ਅੰਦਰ ਪਈ ਤੜੀ ਮੀਆਂ।
ਲੋਕਤੰਤਰ ਵਿੱਚ ਲੋਕੀਂ ਜਦ ਦੁਖੀ ਹੋ ਗਏ,
ਸਾਡੀ ਕਿੱਥੇ ਜਮਹੂਰੀਅਤ ਹੈ ਖੜੀ ਮੀਆਂ।

ਤੀਸ ਮਾਰ ਖਾਂ

# ਪੰਜਾਬ ਵਿੱਚ ਹੜ੍ਹ ਦੀ ਮਾਰ: ਜਲੰਧਰ ਦੇ 81 ਪਿੰਡਾਂ ਪਿੱਛੋਂ ਨਵਾਂ ਸ਼ਹਿਰ ਦੇ 67 ਪਿੰਡ ਵੀ ਖਾਲੀ ਕਰਨ ਦੇ ਹੁਕਮ ਜਾਰੀ

ਨਵਾਂ ਸ਼ਹਿਰ, 18 ਅਗਸਤ, (ਪੋਸਟ ਬਿਊਰੋ)- ਪਿਛਲੇ ਦੋ ਦਿਨਾਂ ਤੋਂ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਜ਼ੋਰਦਾਰ ਮੀਂਹ ਪੈਣ ਕਾਰਨ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਦੋ ਦਿਨ ਪਹਿਲਾਂ ਮੌਸਮ ਵਿਭਾਗ ਨੇ ਇਹ ਚਿਤਾਵਨੀ ਦਿੱਤੀ ਸੀ ਕਿ ਅਗਲੇ 72 ਘੰਟਿਆਂ ਵਿੱਚ ਤੇਜ਼ ਮੀਂਹ ਪੈ ਸਕਦਾ ਹੈ ਅਤੇ ਲੋਕਾਂ ਨੂੰ ਚੌਕਸੀ ਲਈ ਕਿਹਾ ਸੀ। ਹਿਮਾਚਲ ਅਤੇ ਪੰਜਾਬ ਵਿੱਚ ਲਗਾਤਾਰ ਮੀਂਹਨਾਲ ਸਤਲੁਜ ਵਿੱਚ ਪਾਣੀ ਦੇ ਵਧੇ ਪੱਧਰ ਪਿੱਛੋਂ ਰੋਪੜ ਹੈੱਡ ਵਰਕਸ ਤੋਂ 2,40,000 ਕਿਊਸਿਕ ਪਾਣੀ ਛੱਡਣ ਨਾਲ ਦੋਆਬੇ ਦੇਦਰਿਆ ਨੇੜਲੇ ਪਿੰਡਾਂ ਵਿੱਚ ਹੜ੍ਹ ਦਾ ਖ਼ਤਰਾ ਵਧ ਗਿਆ ਹੈ।



ਇਸ ਸੰਬੰਧ ਵਿੱਚ ਪਹਿਲਾਂ ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਨੇ ਸਤੁਲਜ ਦਰਿਆ ਨਾਲ ਲਗਦੇ 81 ਪਿੰਡ ਖ਼ਾਲੀ ਕਰਾਉਣ ਦੇ ਹੁਕਮ ਦਿੱਤੇ ਹਨ, ਪਰ ਦਰਿਆ ਵਿੱਚ ਪਾਣੀ ਦੇ ਲਗਾਤਾਰ ਵਧਣ ਕਾਰਨ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਦਰਿਆ ਦੀ ਮਾਰ ਵਾਲੇ 67 ਪਿੰਡ ਵੀ ਖਾਲੀ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੇ ਐਸਡੀਐਮ ਨਵਾਂ ਸ਼ਹਿਰ ਅਤੇ ਐਸਡੀਐਮ ਬਲਾਚੌਰ ਨੂੰ ਦਰਿਆ ਕੰਢੇ ਵਾਲੇਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਭੇਜਣ ਦੇ ਆਦੇਸ਼ ਦਿੱਤੇ ਹਨ ਅਤੇਫ਼ੌਜ ਨੂੰ ਸੱਦ ਲਿਆ ਗਿਆ ਹੈ। ਡਿਪਟੀ ਕਮਿਸ਼ਨਰ ਵਿਨੈ ਬਬਲਾਨੀ ਅੱਜ ਐਸਐਸਪੀ ਅਲਕਾ ਮੀਨਾ ਨਾਲ ਸਲਤੁਜ ਦੇ ਧੁੱਸੀ ਬੰਨ੍ਹ ਦਾ ਜਾਇਜ਼ਾ ਲੈਣ ਨਵਾਂਸ਼ਹਿਰ ਦੇ ਪਿੰਡ ਤਾਜੋਵਾਲ-ਮੰਢਾਲਾ ਤੇ ਬਲਾਚੌਰ ਦੇ ਪਿੰਡ ਬੇਲਾ-ਤਾਜੋਵਾਲ ਗਏ ਅਤੇ ਦਸਿਆ ਕਿ ਪ੍ਰਸ਼ਾਸਨ ਲਈ ਲੋਕਾਂ ਦੀ ਸੁਰੱਖਿਆ ਸਭ ਤੋਂ ਉੱਪਰ ਹੈ, ਇਸੇ ਲਈ ਪਾਣੀ ਦਾ ਪੱਧਰ ਵਧਦਾ ਵੇਖ ਕੇ ਜਲੰਧਰ ਤੋਂ ਫ਼ੌਜ ਸੱਦੀ ਗਈ ਅਤੇ ਜ਼ਿਲ੍ਹੇ ਦੇ ਸਿਵਲ, ਪੁਲਿਸ, ਮਾਲ, ਪੰਚਾਇਤ, ਡਰੇਨੇਜ਼, ਖੁਰਾਕ ਤੇ ਸਪਲਾਈ, ਪਸ਼ੂ ਪਾਲਣ, ਸਿਹਤ ਵਿਭਾਗ ਤੇ ਹੋਰ ਮਹਿਕਮਿਆਂ ਨੂੰ ਚੌਕਸ ਕਰ ਕੇ ਹਰ ਸਥਿਤੀ ਨਾਲ ਨਿਪਟਣ ਲਈ ਤਿਆਰ ਰਹਿਣ ਨੂੰ ਕਹਿ ਦਿੱਤਾ ਹੈ।ਨਵਾਂਸ਼ਹਿਰ ਸਬ ਡਵੀਜ਼ਨ ਦੇ ਦਰਿਆ ਦੀ ਮਾਰ ਹੇਠ ਆਏ 41 ਪਿੰਡਾਂਤੇ ਬਲਾਚੌਰ ਸਬ ਡਵੀਜ਼ਨ ਦੇ 26 ਪਿੰਡਾਂਨੂੰ ਉੱਠ ਜਾਣ ਲਈ ਕਹਿਣ ਦੇ ਨਾਲ ਦੋਵਾਂ ਸਬ ਡਵੀਜ਼ਨਾਂ ਦੇ ਐੱਸ ਡੀ ਐੱਮਜ਼ ਪੂਰੀ ਚੌਕਸੀ ਵਰਤਣ ਲਈ ਕਿਹਾ ਗਿਆ ਹੈ।

ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਹੋਈ ਬਰਸਾਤ ਨਾਲ ਪਾਣੀ ਦਾ ਪੱਧਰ ਵਧਦਾ ਵੇਖ ਕੇ ਭਾਖੜਾ ਡੈਮ ਵਿੱਚੋਂ ਪਾਣੀ ਛੱਡਿਆ ਗਿਆ ਤਾਂ ਹਰੀਕੇ ਹੈੱਡ ਵਰਕਸ ਵਿਖੇ ਪਾਣੀ ਦਾ ਪੱਧਰ ਵੱਧਣ ਕਾਰਨ ਓਥੇ ਦਰਿਆ ਦੇ ਗੇਟਾਂ ਨੂੰ ਖੋਲ੍ਹਣਾ ਪਿਆ ਹੈ, ਜਿਸ ਕਾਰਨ ਹਰੀਕੇ ਦੇ ਆਲੇ-ਦੁਆਲੇ ਪਿੰਡਾਂ ਵਿੱਚ ਪਾਣੀ ਭਰਨ ਲੱਗ ਪਿਆ ਤੇ ਕਿਸਾਨਾਂ ਦੀਆਂ ਫਸਲਾਂ ਤਬਾਹ ਹੋਣ ਲੱਗ ਪਈਆਂ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਵੀ ਹੜ੍ਹ ਆਉਂਦੇ ਹਨ, ਉਨ੍ਹਾਂ ਦੀਆਂ ਫਸਲਾਂ ਸਭ ਤੋਂ ਪਹਿਲਾਂ ਪਾਣੀ ਦੀ ਮਾਰ ਝੱਲਦੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ। ਭਾਖੜਾ ਡੈਮ ਵਿੱਚੋਂ ਛੱਡੇ ਜਾ ਰਹੇ 53000 ਕਿਊਸਿਕ ਪਾਣੀ ਵਿੱਚੋਂ 30700 ਕਿਊਸਿਕ ਪਾਣੀ ਸਤਲੁਜ ਦਰਿਆ ਵਿੱਚ ਆ ਰਿਹਾ ਹੈ ਅਤੇ ਬਾਕੀ ਪਾਣੀ ਨਾਲ ਦੀਆਂ ਦੋ ਨਹਿਰਾਂ ਵਿੱਚਪੈ ਰਿਹਾ ਹੈ। ਨੰਗਲ ਡੈਮ ਤੋਂ ਨੰਗਲ ਹਾਈਡਲ ਨਹਿਰ ਵਿੱਚ 12350 ਕਿਊਸਿਕ, ਅਨੰਦਪੁਰ ਸਾਹਿਬ ਹਾਈਡਲ ਨਹਿਰ ਵਿੱਚ 10150 ਅਤੇ ਸਤਲੁਜ ਦਰਿਆ ਵਿੱਚ 30700 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ ਦੇਪਾਣੀ ਕਾਰਨ ਸ੍ਰੀ ਕੀਰਤਪੁਰ ਸਾਹਿਬ ਤੇ ਇਸ ਦੇ ਨਾਲ ਲਗਦੇ ਸਤਲੁਜ ਦਰਿਆ ਕੰਢੇ ਵੱਸਦੇ ਪਿੰਡਾਂ ਚੰਦਪੁਰ ਬੇਲਾ, ਗੱਜਪੁਰ ਬੇਲਾ, ਹਰੀਵਾਲ, ਮਹਿੰਦਲੀ ਕਲਾਂ, ਸ਼ਾਹਪੁਰ ਬੇਲਾ, ਨੌਂ ਲੱਖਾ ਆਦਿ ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਅਤੇ ਮੱਕੀ ਦੀ ਫਸਲ ਪਾਣੀ ਵਿੱਚ ਡੁੱਬ ਚੁੱਕੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਇਟੋਬੀਕੋ ਜਨਰਲ ਹਸਪਤਾਲ ਵਿੱਚ ਬੱਚਿਆਂ ਲਈ ਨਵੀਂ ਸਮਾਈਲਜ਼ੋਨ ਸ਼ੁਰੂ



ਇਟੋਬੀਕੋ, 18 ਅਗਸਤ (ਪੋਸਟ ਬਿਊਰੋ) : ਇਟੋਬੀਕੋ ਦੀ ਆਪਣੀ ਜਨਰਲ ਸਾਈਟ ਦੀ ਮਦਰ/ਬੇਬੀ ਯੂਨਿਟ ਉੱਤੇ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵੱਲੋਂ ਰਸਮੀ ਤੌਰ ਉੱਤੇ 15 ਅਗਸਤ ਤੋਂ ਨਵੀਂ ਸਮਾਈਲਜ਼ੋਨ ਸ਼ੁਰੂ ਕੀਤੀ ਗਈ ਹੈ।

ਸਲੇਟ ਫੈਮਿਲੀ ਫਾਊਂਡੇਸ਼ਨ ਦੀ ਮਦਦ ਨਾਲ ਸਮਾਈਲਜ਼ੋਨ ਫਾਊਂਡੇਸ਼ਨ ਵੱਲੋਂ ਡੋਨੇਟ ਕੀਤੀ ਗਈ ਇਸ ਸਮਾਈਲਜ਼ੋਨ ਵਿੱਚ ਮਿਊਰਲਜ਼, ਸੈਂਸਰੀ ਡਿਵੈਲਪਮੈਂਟ ਇਕੁਇਪਮੈਂਟਜ਼, ਡਰਾਈਂਗ ਬੋਰਡਜ਼, ਟੇਬਲੈੱਟ ਸਟੇਸ਼ਨਜ਼ ਤੇ ਟੀਵੀ ਆਦਿ ਲਾਏ ਗਏ ਹਨ। ਇਹ ਸੱਭ ਹਸਪਤਾਲ ਦਾ ਦੌਰਾ ਕਰਨ ਆਏ ਬੱਚਿਆਂ ਤੇ ਪਰਿਵਾਰਾਂ ਦੇ ਤਜਰਬੇ ਨੂੰ ਆਨੰਦਮਈ ਤੇ ਯਾਦਗਾਰੀ ਬਣਾਉਣ ਲਈ ਕੀਤਾ ਗਿਆ ਹੈ।

ਇਟੋਬੀਕੋ ਜਨਰਲ ਹਸਪਤਾਲ ਵਿੱਚ ਨਵੇਂ ਪੇਸ਼ੈਂਟ ਟਾਵਰ ਦੀ ਪਿੱਛੇ ਜਿਹੇ ਹੋਈ ਸ਼ੁਰੂਆਤ ਮੌਕੇ ਸਮਾਈਲਜ਼ੋਨ ਦਾ ਖੁੱਲ੍ਹਣਾ ਬਹੁਤ ਹੀ ਚੰਗਾ ਫੈਸਲਾ ਹੈ। ਇਸ ਨਾਲ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਸਪਤਾਲ ਦਾ ਦੌਰਾ ਕਰਨ ਸਮੇਂ ਇਟੋਬੀਕੋ ਦੇ ਪਰਿਵਾਰਾਂ ਦਾ ਕਦਮ ਕਦਮ ਉੱਤੇ ਨਿੱਘਾ ਸਵਾਗਤ ਹੋ ਸਕੇ। ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਇਸ ਅਰਥਭਰਪੂਰ ਤੋਹਫੇ ਲਈ ਅਸੀਂ ਸਮਾਈਲਜ਼ੋਨ ਤੇ ਸਲੇਟ ਫੈਮਿਲੀ ਫਾਊਂਡੇਸ਼ਨ ਦੇ ਦਿਲੋਂ ਧੰਨਵਾਦੀ ਹਾਂ।

ਉਨ੍ਹਾਂ ਆਖਿਆ ਕਿ ਸਾਡਾ ਪੈਡਿਐਟ੍ਰਿਕ ਸਟਾਫ ਤੇ ਡਾਕਟਰ ਪਹਿਲਾਂ ਹੀ ਮਰੀਜ਼ਾਂ ਨੂੰ ਬਿਹਤਰ ਸਿਹਤ ਸੰਭਾਲ ਮੁਹੱਈਆ ਕਰਵਾਉਣ ਲਈ ਪੱਬਾਂ ਭਾਰ ਰਹਿੰਦੇ ਹਨ ਤੇ ਹੁਣ ਉਨ੍ਹਾਂ ਦਾ ਆਲਾ ਦੁਆਲਾ ਵੀ ਇਸ ਸੰਭਾਲ ਨੂੰ ਹੋਰ ਸਹਿਜ ਬਣਾਉਣ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਇਸ ਮੌਕੇ ਸਮਾਈਲਜ਼ੋਨ ਫਾਊਂਡੇਸ਼ਨ ਦੇ ਚੇਅਰ ਸਕੌਟ ਬੈਕਲੇ ਨੇ ਆਖਿਆ ਕਿ ਇਟੋਬੀਕੋ ਜਨਰਲ ਹਸਪਤਾਲ ਦੀ ਰੈਨੋਵੇਸ਼ਨ ਮੌਕੇ ਯੋਗਦਾਨ ਪਾ ਕੇ ਸਮਾਈਲਜ਼ੋਨ ਫਾਊਂਡੇਸ਼ਨ ਨੂੰ ਵੀ ਖ਼ੁਸ਼ੀ ਹੋਈ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਕਾਂਗਰਸ ਨੂੰ ਨਵਾਂ ਝਟਕਾ: ਸਾਬਕਾ ਮੁੱਖ ਮੰਤਰੀ ਹੁੱਡਾ ਨੇ ਹਰਿਆਣੇ ਵਿੱਚ ਵੱਖਰਾ ਰਾਗ ਸ਼ੁਰੂ ਕਰ ਲਿਆ

## * ਕਸ਼ਮੀਰ ਮੁੱਦੇ ਉੱਤੇ ਮੋਦੀ ਦੀ ਹਮਾਇਤ ਵੀ ਕਰ ਛੱਡੀ

ਰੋਹਤਕ, 18 ਅਗਸਤ, (ਪੋਸਟ ਬਿਊਰੋ)- ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਅੱਜ ਕਿਹਾ ਹੈ ਕਿ ਕਾਂਗਰਸ ਪਾਰਟੀ ਪਹਿਲਾਂ ਵਾਲੀ ਨਹੀਂ ਰਹੀ, ਇਹ ਭਟਕ ਗਈ ਹੈ, ਮੈਂ ਸਭ ਚੀਜ਼ਾਂ ਤੋਂ ਮੁਕਤ ਹੋ ਕੇ ਗੱਲ ਆਖਣ ਦੇ ਲਈ ਆਇਆ ਹਾਂ। ਹਰਿਆਣਾ ਵਿੱਚ ਕਾਂਗਰਸ ਪਾਰਟੀਤੋਂ ਵੱਖ ਹੋਣ ਦਾ ਸੰਕੇਤ ਦਿੰਦੇ ਹੋਏ ਕਿਹਾ ਕਿ ਹੁੱਡਾ ਨੇ ਕਿਹਾ ਕਿ ਮੈਂ ਖ਼ੁਦ ਨੂੰ ਬੀਤੇ ਸਮੇਂਤੋਂ ਮੁਕਤ ਕਰਦਾ ਹਾਂ, ਮੈਨੂੰ ਆਗੂਆਂ ਤੇ ਰੈਲੀ ਵਿੱਚ ਮੌਜੂਦ ਲੋਕਾਂ ਨੇ ਕੋਈ ਵੀ ਫ਼ੈਸਲਾ ਲੈਣ ਦਾ ਜੋ ਅਧਿਕਾਰ ਦਿੱਤਾ ਹੈ, ਉਸ ਲਈ ਇਕ ਕਮੇਟੀ ਬਣਾ ਕੇ ਉਸ ਦੀ ਸਲਾਹ ਉੱਤੇ ਫ਼ੈਸਲਾ ਲਵਾਂਗਾ। ਉਨ੍ਹਾਂ ਜੰਮੂ-ਕਸ਼ਮੀਰਤੋਂ ਧਾਰਾ 370 ਹਟਾਉਣ ਬਾਰੇ ਵੀ ਕਿਹਾ ਕਿ ਕਾਂਗਰਸ ਥੋੜ੍ਹਾ ਰਾਹ ਤੋਂ ਭਟਕ ਗਈ ਹੈ।

ਅੱਜ ਐਤਵਾਰ ਨੂੰ ਰੋਹਤਕਦੀ'ਮਹਾ-ਪਰਿਵਰਤਨ ਰੈਲੀ'ਮੌਕੇਭੁਪਿੰਦਰ ਸਿੰਘ ਹੁੱਡਾ ਨੇ ਆਪਣੇ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਦੀਕਾਂਗਰਸ ਪਾਰਟੀ ਨਾਲ ਸਾਂਝ ਅਤੇ ਇਸ ਲਈ ਯੋਗਦਾਨ ਦਾ ਜ਼ਿਕਰ ਕਰ ਕੇ ਕਿਹਾ ਕਿ ਅੱਜ ਕਾਂਗਰਸ ਪਹਿਲਾਂ ਵਾਲੀ ਨਹੀਂ ਰਹੀ। ਏਸੇ ਰੈਲੀ ਵਿੱਚ ਸਾਬਕਾ ਮੰਤਰੀ ਕਰਨ ਸਿੰਘ ਦਲਾਲ ਨੇ ਸਾਫ਼ ਕਿਹਾ ਕਿ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਜੇ ਹਰਿਆਣਾ ਵਿੱਚ ਪਾਰਟੀ ਦੀ ਕਮਾਨ ਹੁੱਡਾ ਨੂੰ ਨਾ ਦੇਵੇ ਤਾਂ ਵੱਖਰਾ ਰਾਹ ਚੁਣਿਆ ਜਾਵੇਗਾ। ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਘੁਬੀਰ ਕਾਦੀਆਨ ਨੇ ਇਕ ਲਾਈਨ ਦਾ ਮਤਾ ਪੇਸ਼ ਕੀਤਾਅਤੇ ਫਿਰ ਲੋਕਾਂ ਤੋਂ ਪਾਸ ਕਰਵਾਇਆ ਕਿ ਭੁਪਿੰਦਰ ਸਿੰਘ ਹੁੱਡਾ ਜੋ ਵੀ ਫ਼ੈਸਲਾ ਕਰਨਗੇ, ਉਸ ਦੇ ਨਾਲ ਅਸੀਂ ਸਾਰੇ ਖੜ੍ਹੇ ਹਾਂ।

ਇਸ ਮੌਕੇ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ, ਮੈਂ 72 ਸਾਲ ਦਾ ਹੋ ਗਿਆ ਹਾਂ ਤੇ ਸੇਵਾਮੁਕਤ ਹੋਣਾ ਚਾਹੁੰਦਾ ਸੀ, ਪਰ ਹਰਿਆਣਾ ਦੀ ਹਾਲਤ ਦੇਖ ਕੇ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ਹਿਤ ਤੋਂ ਉੱਪਰ ਕੁਝ ਨਹੀਂ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਦਾ ਕਾਂਗਰਸ ਦੇ ਕੁਝ ਆਗੂਆਂ ਨੇ ਵਿਰੋਧ ਕੀਤਾ ਤਾਂ ਸਹੀ ਨਹੀਂ ਸੀ। ਮੈਂ ਦੇਸ਼ਹਿਤ ਲਈ ਇਸ ਦਾ ਸਮੱਰਥਨ ਕੀਤਾ ਹੈ। ਹੁੱਡਾ ਨੇ ਕਿਹਾ ਕਿ ਮੇਰੇ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਕਾਂਗਰਸ ਨਾਲ ਜੁੜੀਆਂ ਰਹੀਆਂ ਹਨ, ਅਸੀਂ ਕਾਂਗਰਸ ਲਈ ਜੀਅ ਜਾਨ ਨਾਲ ਮਿਹਨਤ ਕੀਤੀ ਸੀ, ਪਰ ਕਾਂਗਰਸ ਪਹਿਲਾਂ ਵਾਲੀ ਨਹੀਂ ਰਹੀ, ਧਾਰਾ 370 ਉੱਤੇਵੀ ਕੁਝ ਭਟਕ ਗਈ, ਪਰ ਦੇਸ਼ਭਗਤੀ ਅਤੇ ਸਵੈਮਾਣ ਦਾ ਮੈਂ ਕਿਸੇ ਨਾਲ ਸਮਝੌਤਾ ਨਹੀਂ ਕਰਾਂਗਾ,ਇਸਲਈ ਮੈਂ 370 ਹਟਾਉਣ ਦਾ ਸਮੱਰਥਨ ਕੀਤਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਸ਼੍ਰੀਨਗਰ ਵਿਚ ਹਟਾਈਆਂ ਪਾਬੰਦੀਆਂ ਹਿੰਸਾ ਹੋਣ ਦੀਆਂ ਘਟਨਾਵਾਂ ਪਿੱਛੋਂ ਫਿਰ ਲਾਗੂ

ਸ਼੍ਰੀਨਗਰ, 18 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸ਼੍ਰੀਨਗਰ ਖੇਤਰ ਲੱਗੀਆਂ ਪਾਬੰਦੀਆਂ ਨੂੰ ਮਸਾਂ ਇਕ ਦਿਨ ਪਹਿਲਾਂ ਹਟਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ, ਪਰ ਹਿੰਸਾ ਦੀਆਂ ਕੁਝ ਘਟਨਾਵਾਂ ਵਾਪਰਨ ਦੇ ਬਾਅਦ ਐਤਵਾਰ ਨੂੰ ਕੁਝ ਇਲਾਕਿਆਂ ਵਿਚ ਇਹ ਪਾਬੰਦੀਆਂ ਦੋਬਾਰਾ ਸਖ਼ਤ ਕਰ ਦਿਤੀਆਂ ਗਈਆਂ ਹਨ। ਇਸ ਦੌਰਾਨ ਸਾਊਦੀ ਅਰਬ ਗਏ ਹੋਏ ਹੱਜ ਯਾਤਰੀਆਂ ਦਾ ਪਹਿਲਾ ਜੱਥਾ ਕਸ਼ਮੀਰ ਮੁੜ ਆਇਆ ਹੈ।



ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਬਾਰਾ ਉਨ੍ਹਾਂ ਇਲਾਕਿਆਂ ਵਿਚ ਪਾਬੰਦੀਆਂ ਲਾਈਆਂ ਗਈਆਂ ਹਨ, ਜਿਥੇ ਇੱਕ ਦਿਨ ਪਹਿਲਾਂ ਸ਼ਨੀਵਾਰ ਨੂੰ ਹਾਲਾਤ ਵਿਗੜਨ ਲੱਗੇ ਸਨ। ਸ਼ਹਿਰ ਤੇ ਘਾਟੀ ਵਿਚ ਵੀ ਕਈ ਥਾਈਂ ਪਾਬੰਦੀਆਂ ਵਿਚ ਢਿੱਲ ਦਿਤੀ ਗਈ ਸੀ, ਪਰ ਇਸ ਨਾਲ ਸਮੱਸਿਆ ਪੈਦਾ ਹੋ ਗਈ ਅਤੇ ਲਗਭਗ 12 ਥਾਵਾਂ ਉੱਤੇ ਪ੍ਰਦਰਸ਼ਨ ਹੋਏ, ਜਿਨ੍ਹਾਂ ਦੌਰਾਨ ਕਈ ਲੋਕ ਜ਼ਖ਼ਮੀ ਹੋ ਗਏ। ਹਾਲੇਜ਼ਖਮੀਆਂ ਦੀ ਕੁੱਲ ਗਿਣਤੀ ਦਾ ਪਤਾ ਨਹੀਂ ਲੱਗਾ। ਅਧਿਕਾਰੀਆਂ ਨੇ ਦਸਿਆ ਕਿ 300 ਹੱਜ ਯਾਤਰੀਆਂ ਨੂੰ ਲਿਆਏ ਜਹਾਜ਼ ਜਦੋਂ ਸਵੇਰੇ ਸ਼੍ਰੀਨਗਰ ਹਵਾਈ ਅੱਡੇ ਉੱਤੇ ਪਹੁੰਚੇ ਤਾਂ ਹਾਜੀਆਂ ਦਾ ਸਵਾਗਤ ਕਰਨ ਲਈ ਹਵਾਈ ਅੱਡੇ ਉੱਤੇਉਨ੍ਹਾਂ ਦੇ ਪਰਵਾਰਾਂ ਦੇ ਸਿਰਫ਼ ਇਕ-ਇੱਕ ਜੀਅ ਨੂੰ ਆਉਣ ਦੀ ਆਗਿਆ ਸੀ। ਹਾਜੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਆਉਣ-ਜਾਣ ਲਈ ਸਾਰੇ ਜ਼ਿਲਿਆਂ ਦੇ ਪ੍ਰਸ਼ਾਸਨ ਨੇ ਬੱਸਾਂ ਨੂੰ ਤਾਇਨਾਤ ਕੀਤਾ ਸੀ।

ਜੰਮੂ ਡਵੀਜ਼ਨ ਦੇ ਪੰਜ ਜ਼ਿਲ੍ਹਿਆਂ ਵਿੱਚ ਐਤਵਾਰ ਸਵੇਰੇ ਮੋਬਾਈਲ ਇੰਟਰਨੈੱਟ ਸੇਵਾ ਮੁੜ ਬੰਦ ਕਰਨੀ ਪੈ ਗਈ ਹੈ। ਸ਼ੁੱਕਰਵਾਰ ਰਾਤ ਹਾਲਾਤ ਆਮ ਹੋਣ ਤੋਂ ਬਾਅਦ ਪ੍ਰਸ਼ਾਸਨ ਨੇ ਜੰਮੂ, ਰਿਆਸੀ, ਸਾਂਬਾ, ਕਠੂਆ ਅਤੇ ਊਧਮਪੁਰ ਜ਼ਿਲ੍ਹੇ ਵਿੱਚ 2ਜੀ ਮੋਬਾਈਲ ਇੰਟਰਨੈੱਟ ਸੇਵਾ ਬਹਾਲ ਕੀਤੀ ਸੀ, ਪਰ 24 ਘੰਟੇ ਅੰਦਰ ਨੈੱਟ ਸੇਵਾ ਬੰਦ ਹੋਣ ਨਾਲ ਜੰਮੂ ਵਿੱਚ ਅਫ਼ਵਾਹਾਂ ਸ਼ੁਰੂ ਹੋ ਗਈਆਂ। ਦੇਰ ਸ਼ਾਮ ਪ੍ਰਸ਼ਾਸਨ ਨੇ ਦੱਸਿਆ ਕਿ ਜੰਮੂ ਡਿਵੀਜ਼ਨ ਵਿੱਚਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਤੇ ਨਾ ਪ੍ਰਸ਼ਾਸਨਨੇ ਪਾਬੰਦੀ ਲਾਈ ਹੈ, ਲੋਕ ਅਫ਼ਵਾਹਾਂ ਉੱਤੇ ਭਰੋਸਾ ਨਾ ਕਰਨ,ਸਿਰਫ਼ ਤਕਨੀਕੀ ਕਾਰਨਾਂ ਕਰਕੇ ਮੋਬਾਈਲ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ। ਅੱਜ ਐਤਵਾਰ ਪ੍ਰੈੱਸ ਕਾਨਫਰੰਸ ਕਰ ਕੇ ਡਿਵੀਜ਼ਨਲ ਕਮਿਸ਼ਨਰ ਸੰਜੀਵ ਵਰਮਾ ਨੇ ਕਿਹਾ ਕਿ ਪੰਜ ਅਗਸਤ ਤੋਂ ਪਹਿਲਾਂ 4ਜੀ ਸੇਵਾ ਚੱਲ ਰਹੀ ਸੀ, ਮੋਬਾਈਲ ਨੈੱਟ ਸੇਵਾ ਬੰਦ ਹੋਣਪਿੱਛੋਂ ਸ਼ੁੱਕਰਵਾਰ ਰਾਤ 2ਜੀ ਸੇਵਾ ਸ਼ੁਰੂ ਕੀਤੀ ਗਈ, ਪਰ ਟ੍ਰੈਫਿਕ ਓਵਰਲੋਡ ਨਾਲ ਮੋਬਾਈਲ ਸੇਵਾ ਬੰਦ ਹੋ ਗਈ। ਮੋਬਾਈਲ ਕੰਪਨੀਆਂ ਨੂੰ 2ਜੀ ਸੇਵਾ ਬੰਦ ਕਰਨ ਦਾ ਹੁਕਮ ਜਾਰੀ ਹੋਣ ਬਾਰੇ ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਅਜਿਹਾ ਹੁਕਮ ਨਹੀਂਦਿੱਤਾ। ਓਧਰ ਜੰਮੂ ਦੀ ਡਿਪਟੀ ਕਮਿਸ਼ਨਰ ਸੁਸ਼ਮਾ ਚੌਹਾਨ ਨੇ ਪ੍ਰਸ਼ਾਸਨ ਦੇ ਫੇਸਬੁੱਕ ਪੇਜ ਉੱਤੇਲਿਖ ਦਿੱਤਾ ਕਿ ਅਫ਼ਵਾਹਾਂ ਉੱਤੇ ਰੋਕ ਲਾਉਣ ਤੇ ਸ਼ਰਾਰਤੀਆਂ ਵੱਲੋਂ ਦਹਿਸ਼ਤ ਫੈਲਾਉਣ ਤੋਂ ਬਚਣ ਲਈ ਮੋਬਾਈਲ ਇੰਟਰਨੈੱਟ ਬੰਦ ਕੀਤਾ ਹੈ। ਪਿੱਛੋਂ ਉਨ੍ਹਾਂ ਨੇ ਵੀ ਇੰਟਰਨੈੱਟ ਬੰਦ ਕਰਨ ਦਾ ਕਾਰਨ ਤਕਨੀਕੀ ਦੱਸਿਆ। ਦੋਵਾਂ ਅਧਿਕਾਰੀਆਂ ਦਾ ਦਾਅਵਾ ਹੈ ਕਿ ਜੰਮੂ ਤੋਂ ਰਾਜੌਰੀ-ਪੁਣਛ ਤਕ ਹਾਲਾਤ ਪੂਰੀ ਤਰ੍ਹਾਂ ਆਮ ਹਨਤੇ ਸਭ ਥਾਂ ਪਾਬੰਦੀ ਹਟਾ ਕੇ ਲੈਂਡ ਲਾਈਨ ਫੋਨ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ। ਮੋਬਾਈਲ ਇੰਟਰਨੈੱਟ ਸੇਵਾ ਬਾਰੇ ਉਨ੍ਹਾਂ ਨੇ ਕਿਹਾ ਕਿ ਇਸ ਵਿੱਚ ਦੋ ਤਿੰਨ ਲੱਗ ਸਕਦੇ ਹਨ,ਇਸ ਬਾਰੇ ਬਾਅਦ ਵਿੱਚ ਸਮੀਖਿਆ ਕੀਤੀ ਜਾਵੇਗੀ।

ਸ਼ਨਿਚਰਵਾਰ ਦੇਰ ਰਾਤ ਸ੍ਰੀਨਗਰ ਦੇ ਡਾਊਨ ਟਾਊਨ ਵਿੱਚ ਹਿੰਸਕ ਝੜਪਾਂ ਵਿੱਚ ਅੱਥਰੂ ਗੈਸ ਦੇ ਗੋਲੇਤੋਂ ਨਿਕਲੀ ਗੈਸ ਨਾਲਇਕ ਵਿਅਕਤੀ ਦੀ ਮੌਤ ਹੋ ਗਈ, ਪਰ ਪੁਲਿਸ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਬਾਰਾਮੂਲਾ, ਬਡਗਾਮ ਅਤੇ ਸ੍ਰੀਨਗਰ ਵਿੱਚ ਡਾਊਨ ਟਾਊਨ ਦੇ ਵੱਖ-ਵੱਖ ਹਿੱਸਿਆਂ ਵਿੱਚ ਪਥਰਾਅ ਕਰਦੇ ਤੱਤਾਂ ਨੂੰ ਖਦੇੜਨ ਲਈ ਸੁਰੱਖਿਆ ਬਲਾਂ ਨੂੰ ਤਾਕਤ ਦੀ ਵਰਤੋਂ ਕਰਨੀ ਪਈ। ਸਰਕਾਰ ਦੇ ਬੁਲਾਰੇ ਰੋਹਿਤ ਕੰਸਲ ਮੁਤਾਬਕ ਚਾਰ-ਪੰਜ ਥਾਵਾਂ ਉੱਤੇ ਹਿੰਸਕ ਘਟਨਾਵਾਂ ਹੋਈਆਂ ਹਨ ਅਤੇ ਦੋ ਜਣਿਆਂ ਨੂੰ ਮਾਮੂਲੀ ਸੱਟਾਂ ਲੱਗਣ ਦੀ ਖਬਰ ਹੈ।

# ਹਾਂਗਕਾਂਗ ਵਿੱਚ ਅੱਜ ਤੱਕ ਦੀ ਸਭ ਤੋਂ ਵੱਡੀ ਸਰਕਾਰ ਵਿਰੋਧੀ ਰੋਸ ਰੈਲੀ

ਹਾਂਗਕਾਂਗ, 18 ਅਗਸਤ, (ਪੋਸਟ ਬਿਊਰੋ)- ਅੱਜ ਐਤਵਾਰ ਨੂੰ ਹਾਂਗਕਾਂਗਦੇਲੋਕਤੰਤਰ ਸਮਰਥਕ ਲੋਕਾਂ ਨੇ ਫਿਰ ਵੱਡੀ ਰੈਲੀ ਕੀਤੀ ਅਤੇ ਬਾਰਿਸ਼ ਦੇ ਬਾਵਜੂਦ ਇਸ ਵਿਚ ਕਰੀਬ ਇਕ ਲੱਖ ਲੋਕਾਂ ਨੇ ਹਿੱਸਾ ਲਿਆ। ਮਾਰਚ ਦੀ ਇਜਾਜ਼ਤ ਨਹੀਂ ਸੀ, ਇਸ ਕਾਰਨ ਇਹ ਲੋਕ ਵਿਕਟੋਰੀਆ ਪਾਰਕ ਵਿਚ ਇਕੱਠੇ ਹੋਏ। ਭੀੜ ਵੱਧ ਹੋਣ ਕਾਰਨ ਵੱਡੀ ਗਿਣਤੀ ਵਿਚ ਲੋਕ ਪਾਰਕ ਦੇ ਬਾਹਰ ਦੀਆਂ ਸੜਕਾਂ ਉੱਤੇ ਖੜ੍ਹੇ ਹੋ ਕੇ ਪ੍ਰਦਰਸ਼ਨ ਕਰ ਰਹੇ ਸਨ।



ਇਸ ਚੀਨ ਵਿਰੋਧੀ ਰੈਲੀ ਵਿੱਚ ਸ਼ਾਮਲ ਇੱਕ ਵਿਦਿਆਰਥੀ ਨੇ ਕਿਹਾ, 'ਬਹੁਤ ਜ਼ਿਆਦਾ ਗਰਮੀ ਦੇ ਨਾਲ ਬਾਰਿਸ਼ ਵੀ ਹੋ ਰਹੀ ਹੈ। ਅਜਿਹੇ ਵਿੱਚ ਰੈਲੀ ਵਿਚ ਸ਼ਾਮਲ ਹੋਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ। ਫਿਰ ਵੀ ਅਸੀਂ ਇੱਥੇ ਹਾਂ, ਕਿਉਂਕਿ ਸਾਡੇ ਕੋਲ ਕੋਈ ਚਾਰਾ ਨਹੀਂ ਹੈ। ਜਦੋਂ ਤਕ ਇਹ ਸਰਕਾਰ ਸਾਨੂੰ ਸਾਡੇ ਅਧਿਕਾਰ ਅਤੇ ਇੱਜ਼ਤ ਨਹੀਂ ਦਿੰਦੀ, ਇਹ ਜਾਰੀ ਰਹੇਗਾ।' ਸ਼ੱਕੀ ਲੋਕਾਂ ਅਤੇ ਅਪਰਾਧੀਆਂ ਨੂੰ ਕੇਸ ਚਲਾਉਣ ਲਈ ਚੀਨ ਵਿੱਚ ਹਵਾਲਗੀ ਵਾਸਤੇ ਭੇਜੇ ਜਾਣ ਨਾਲ ਸਬੰਧਿਤ ਕਾਨੂੰਨ ਦੇ ਵਿਰੋਧ ਵਿਚ ਜੂਨ ਵਿੱਚ ਇੱਥੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ ਸਨ। ਭਾਰੀ ਵਿਰੋਧ ਦੇ ਦਬਾਅ ਵਿਚ ਹਾਂਗਕਾਂਗ ਦੀ ਮੁੱਖ ਕਾਰਜਕਾਰੀ ਅਧਿਕਾਰੀ ਕੈਰੀ ਲਾਮ ਨੇ ਬਿੱਲ ਓਦੋਂ ਰੋਕ ਦਿੱਤਾ ਸੀ, ਪਰ ਇਸ ਬਿੱਲ ਦਾ ਵਿਰੋਧ ਵੱਡੇ ਪੱਧਰ ਉੱਤੇ ਹੋ ਕੇ ਲੋਕਤੰਤਰ ਪੱਖੀ ਅੰਦੋਲਨ ਵਿੱਚ ਬਦਲ ਗਿਆ ਹੈ। ਲੋਕ ਇਹ ਬਿੱਲ ਵਾਪਸ ਲੈਣ ਦੇ ਨਾਲ ਕੈਰੀ ਲਾਮ ਦੇ ਅਸਤੀਫ਼ੇ ਤੇ ਲੋਕਤੰਤਰੀ ਸੁਧਾਰਾਂ ਦੀ ਵੀ ਮੰਗ ਕਰਨ ਲੱਗੇ ਹਨ।ਬੀਤੇ ਹਫ਼ਤੇ ਇਨ੍ਹਾਂ ਲੋਕਾਂ ਨੇ ਹਾਂਗਕਾਂਗ ਹਵਾਈ ਅੱਡਾ ਘੇਰ ਲਿਆ ਸੀ, ਜਿਸ ਕਾਰਨ ਕਈ ਉਡਾਣਾਂ ਰੱਦ ਕਰਨੀਆਂ ਪਈਆਂ ਸਨ। ਇਸ ਪਿੱਛੋਂ ਪ੍ਰਦਰਸ਼ਨ ਨੂੰ ਮਿਲੇ ਸਮਰਥਨ ਵਿਚ ਕਮੀ ਦਾ ਸ਼ੱਕ ਸੀ, ਪਰ ਅੱਜ ਅਜਿਹਾ ਨਹੀਂ ਦਿਸਿਆ। ਆਮ ਲੋਕਾਂ ਨੇ 'ਹਾਂਗਕਾਂਗ ਨੂੰ ਆਜ਼ਾਦ ਕਰੋ', 'ਲੋਕਤੰਤਰ ਚਾਹੀਦਾ ਹੈ', 'ਲਾਮ ਅਸਤੀਫ਼ਾ ਦੇਵੇ' ਅਤੇ 'ਹਾਂਗਕਾਂਗ ਨਾਲ ਖੜ੍ਹੇ ਰਹੋ' ਦੇ ਨਾਅਰੇ ਲਾਏ ਸਨ। ਇਹ ਚੀਨ ਸਰਕਾਰ ਵਿਰੁੱਧਅੱਜ ਤੱਕ ਦੀ ਸਭ ਤੋਂ ਵੱਡੀ ਰੈਲੀ ਸੀ, ਜਿਸ ਵਿੱਚ ਇੱਕ ਲੱਖ ਤੋਂ ਵੱਧ ਲੋਕ ਸ਼ਾਮਲ ਹੋਏ ਦੱਸੇ ਗਏ ਹਨ।

# ਕੈਲਡਰਸਟੋਨ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇਅ ਮਨਾਇਆ

ਬਰੈਂਪਟਨ (ਡਾ.ਸੋਹਨ ਸਿੰਘ) ਹਰ ਸਾਲ ਦੀ ਤਰਾਂ ਐਤਕੀਂ ਵੀ ਕਾਲਡਰਸਟੋਨ ਸੀਨੀਅਰਜ਼ ਕਲੱਬ ਬਰੈਂਪਟਨ ਨੇ ਕੈਨੇਡਾ ਦਾ 152ਵਾਂ ਜਨਮ ਦਿੱਨ ਅਤੇ ਭਾਰਤ ਦਾ ਅਜ਼ਾਦੀ ਦਿਵੱਸ ਗਿਆਰਾਂ ਅਗਸਤ ਦਿਨ ਐਤਵਾਰ ਨੂੰ ਬੜੀ ਹੀ ਧੂਮ ਧਾਮ ਨਾਲ ਕੌਬਲਹਿੱਲ ਪਾਰਕ( ਕਾਲਡਰਸਟੋਨ ਮਿਡਲ ਸਕੂਲ ਨੇੜੇ) ਵਿੱਚ ਮਨਾਇਆ। ਇੱਸ ਦੇ ਨਾਲ ਹੀ ਇਹ ਦਿੱਨ ਸੀਨੀਅਰਜ਼ ਵਿੱਚ ਸੋਸ਼ਲ ਅਵੇਅਰਨੈੱਸ ਡੇ ਦੇ ਤੌਰ ਤੇ ਵੀ ਮਨਾਇਆ ਗਿਆ। ਇਹ ਦੱਸਣਾਂ ਜ਼ਰੂਰੀ ਹੈ ਕਿ ਇੱਸ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਚਲਾਉਣ ਵਾਸਤੇ ਸਾਡੀ ਮਿਊਨੀਸਪੱਲ ਕਮੇਟੀ ਵੱਲੋਂ ਮਾਇਕ ਸਹਾਇਤਾ ਦਿੱਤੀ ਗਈ ਜਿੱਸ ਵਾਸਤੇ ਕਲੱਬ ਵੱਲੋਂ ਸਿਟੀ ਦਾ ਧੰਨਵਾਦ ਕੀਤਾ ਜਾਂਦਾ ਹੈ। ਮਿੱਥੇ ਹੋਏ ਪ੍ਰੋਗਰਾਮ ਮੁਤਾਬਿਕ ਪ੍ਰੋਗਰਾਮ ਤਕਰੀਬਨ ਦੋ ਵਜੇ ਸ਼ੁਰੂ ਹੋਇਆ ਅਤੇ ਸ਼ਾਮ ਸੱਤ ਵਜੇ ਤਕ ਚੱਲਦਾ ਰਿਹਾ। ਖਾਣ ਪੀਣ ਦਾ ਪ੍ਰਬੰਧ ਖਾਸ ਕਰਕੇ ਬਹੁਤ ਹੀ ਵਧੀਆ ਸੀ ਜਿੱਸ ਵਿੱਚ ਮਠਿਆਈਆਂ ਦੇ ਨਾਲ ਚਾਹ, ਰੂਹ ਅਫਜ਼ਾ ਅਤੇ ਆਈਸ ਕਰੀਮ ਦਾ ਸੱਭ ਲੋਕਾਂ ਨੇ ਅਨੰਦ ਲਿਆ।ਸਟੇਜ ਦੀ ਕਾਰਵਾਈ ਕੈਨੇਡਾ ਅਤੇ ਭਾਰਤ ਦੇ ਕੌਮੀ ਗੀਤਾਂ ਨਾਲ ਸ਼ੁਰੂ ਹੋਈ ਤੇ ਸੱਭ ਤੋਂ ਪਹਿਲਾਂ ਕਲੱਬ ਦੇ ਪ੍ਰਧਾਨ ਡਾ. ਸੋਹਨ ਸਿੰਘ ਨੇ ਸਾਰੇ ਲੋਕਾਂ ਨੂੰ ਅਤੇ ਖਾਸ ਕਰਕੇ ਸੱਦੇ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅਜ਼ਾਦੀ ਦਿੱਨ ਦੀ ਵਧਾਈ ਦਿੱਤੀ।



ਸੱਦੇ ਹੋਏ ਸੱਜਨਾਂ ਵਿੱਚ ਇੱਸ ਦਿਨ ਦੇ ਮੁਖ ਮਹਿਮਾਨ ਜਗਦੀਸ਼ ਸਿੰਘ ਗਰੇਵਾਲ ਸਨ ਜੋ ਕਿ ਪੰਜਾਬੀ ਦੀ ਇੱਕੋ ਇੱਕ ਰੋਜ਼ਾਨਾ ਅਖ਼ਬਾਰ ਪੰਜਾਬੀ ਪੋਸਟ ਦੇ ਸੰਪਾਦਕ ਹਨ ਨੂੰ ਕਲੱਬ ਵੱਲੋਂ ਪਲੈਕ ਦੇ ਕੇ ਸਨਮਾਨਿਆ ਗਿਆ ਅਤੇ ਉਹਨਾ ਦਾ ਕਲੱਬ ਦੀ ਸਹਾਇਤਾ ਲਈ ਧੰਨਵਾਦ ਕੀਤਾ ਗਿਆ । ਹੋਰਨਾਂ ਮਹਿਮਾਨਾ ਵਿੱਚ ਸਨ ਬਰੈਂਪਟਨ ਈਸਟ ਦੇ ਐਮ ਪੀ ਰਾਜ ਗਰੇਵਾਲ, ਸਕੂਲ ਟਰਸੱਟੀ ਬਲਬੀਰ ਸੋਹੀ ਟਹਿਲਕਾ ਰੇਡੀਓ ਤੋਂ ਸੁਖਦੇਵ ਸਿੰਘ ਢਿੱਲੋਂ, ਪੱਤਰਕਾਰ ਸੱਤਪਾਲ ਸਿੰਘ ਜੌਹਲ ਅਤੇ ਅਵਤਾਰ ਸਿੰਘ ਅਰਸ਼ੀ। ਹਰ ਇੱਕ ਨੇ ਅਪਣੇ ਖ਼ੂਬਸੂਰਤ ਸ਼ਬਦਾਂ ਨਾਲ ਲੋਕਾਂ ਦਾ ਮਨ ਜਿਤਿਆ। ਲੋਕਾਂ ਦੇ ਦਿੱਲ ਪਰਚਾਵੇ ਲਈ ਲੋਕਲ ਪੰਜਾਬੀ ਗਾਇਕਾ ਨੇ ਅਪਣੇ ਹੀ ਲਹਿਜੇ ਵਿੱਚ ਲੋਕਾਂ ਦਾ ਮਨੋਰੰਜਨ ਕੀਤਾ।ਸਟੇਜ ਦੀ ਕਾਰਵਾਈ ਕਲੱਬ ਦੇ ਜਨਰਲ ਸੈਕਟਰੀ ਰੇਸ਼ਮ ਸਿੰਘ ਦੋਸਾਂਝ ਨੇ ਬਾਖ਼ੂਬੀ ਨਾਲ ਨਿਭਾਈ। ਵਰਨਣ ਯੋਗ ਗੱਲ ਇਹ ਹੈ ਕਿ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਇਹਨਾਂ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਰੌਣਕ ਵਿੱਚ ਵਾਧਾ ਕੀਤਾ। ਸਟੇਜ ਕਾਰਵਾਈ ਤੋਂ ਇੱਕ ਦੱਮ ਬਾਦ ਖੇਡਾਂ ਸ਼ੁਰੂ ਕਰ ਦਿੱਤੀਆ ਗਈਆਂ ਜਿੱਸ ਵਿੱਚ 6-12 ਸਾਲ ਦੇ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ , ਔਰਤਾਂ ਦੀ ਸਪੂਨ ਰੇਸ, 70 ਸਾਲਾਂ ਤੋਂ ਉਪਰ ਦੇ ਆਦਮੀਆਂ ਦੀ 400 ਮੀਟਰ ਦੀ ਵਾਕ ਅਤੇ ਲੇਡੀਜ਼ ਅਤੇ ਬਚਿੱਆਂ ਦੀ ਮਿਊਜ਼ੀਕਲ ਚੇਅਰ ਰੇਸ ਸ਼ਾਮਲ ਸਨ । ਹਰ ਜਿੱਤਣ ਵਾਲੇ ਨੂੰ ਕੱਪ ਅਤੇ ਟਰੌਫੀ ਦੇ ਕੇ ਸਨਮਾਨਿਆ ਗਿਆ । ਕੁੱਲ ਮਿਲਾ ਕੇ ਕਾਲਡਰਸਟੋਨ ਸੀਨੀਅਰਜ਼ ਦਾ ਇਹ ਦਿੱਨ ਬਹੁਤ ਹੀ ਕਾਮਯਾਬ ਰਿਹਾ। ਕਲੱਬ ਦੇ ਤਮਾਮ ਮੈਂਬ੍ਰਜ਼ ਵੱਲੋਂ ਅਵਤਾਰ ਸਿੰਘ ਬੈਂਸ, ਗੋਬਿੰਦਰ ਸਿੰਘ ਰਾਏ, ਕੁਲਦੀਪ ਸਿੰਘ ਬਾਸੀ ਅਤੇ ਮੁਹਿੰਦਰ ਸਿੰਘ ਢਿੱਲੋਂ ਦਾ ਉਹਨਾਂ ਦੇ ਵੱਡੇ ਯੋਗਦਾਨ ਲਈ ਧੰਨਵਾਦ ਕੀਤਾ ਜਾਂਦਾ ਹੈ।

# ਸਕਿਓਰਿਟੀ ਗਾਰਡ ਨੇ ਫਾਹਾ ਲੈ ਲਿਆ

ਜਲੰਧਰ, 18 ਅਗਸਤ (ਪੋਸਟ ਬਿਊਰੋ)- ਇਸ ਮਹਾਨਗਰ ਦੀ ਖੁਸਰੋਪੁਰ ਦੀ ਸੈਨਿਕ ਵਿਹਾਰ ਕਲੋਨੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦੇ 23 ਸਾਲ ਦੇ ਸਕਿਓਰਿਟੀ ਗਾਰਡ ਨੇ ਰਾਤ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਇਸ ਕੇਸ ਦੀ ਜਾਂਚ ਕਰ ਰਹੇ ਥਾਣਾ ਸਦਰ ਦੇ ਏ ਐੱਸ ਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਲਖਵਿੰਦਰ ਸਿੰਘ ਪੁੱਤਰ ਸੱਜਣ ਸਿੰਘ ਜ਼ਿਲ੍ਹਾ ਸੰਗਰੂਰ ਦੇ ਪਿੰਡ ਸੂਲਰ ਦਾ ਰਹਿਣ ਵਾਲਾ ਸੀ ਤੇ ਤਿੰਨ ਭਰਾ-ਭੈਣਾਂ ਵਿੱਚੋਂ ਸਭ ਤੋਂ ਵੱਡਾ ਸੀ। ਉਸ ਦੇ ਸੁਸਾਈਡ ਦਾ ਕਾਰਨ ਪਤਾ ਨਹੀਂ ਲੱਗ ਸਕਿਆ। ਬੇਟੇ ਦੀ ਮੌਤ ਦੀ ਸੂਚਨਾ ਉੱਤੇ ਪਿਤਾ ਸੱਜਣ ਸਿੰਘ ਤੇ ਹੋਰ ਰਿਸ਼ਤੇਦਾਰ ਪਿੰਡ ਦੀ ਪੰਚਾਇਤ ਲੈ ਕੇ ਜਲੰਧਰ ਪਹੁੰਚੇ। ਜਾਂਚ ਅਧਿਕਾਰੀ ਨੇ ਮ੍ਰਿਤਕ ਦੇ ਪਰਵਾਰ ਨੂੰ ਕਿਸੇ 'ਤੇ ਕੋਈ ਸ਼ੱਕ ਨਾ ਹੋਣ ਕਾਰਨ ਪੁਲਸ ਨੇ 174 ਦੀ ਕਾਰਵਾਈ ਕੀਤੀ ਹੈ। ਮ੍ਰਿਤਕ 12ਵੀਂ ਪਾਸ ਸੀ ਤੇ ਕਿਸਾਨ ਪਰਵਾਰ ਨਾਲ ਸੰਬੰਧਤ ਸੀ। ਆਪਣੀ ਖੇਤੀਬਾੜੀ ਹੋਣ ਦੇ ਬਾਵਜੂਦ ਵੀ ਉਹ ਜਲੰਧਰ ਵਿੱਚ ਆ ਕੇ ਨੌਕਰੀ ਕਰਦਾ ਸੀ। ਪਿਤਾ ਮੁਤਾਬਕ ਉਹ ਉਸ ਨੂੰ ਹਮੇਸ਼ਾ ਆਪਣੀ ਖੇਤੀ ਕਰਨ ਲਈ ਪ੍ਰੇਰਿਤ ਕਰਦੇ ਸਨ।

# ਇਮਰਾਨ ਵੱਲੋਂ ਨਵੀਂ ਸ਼ਿਕਾਇਤ ਕਿ ਭਾਰਤ ਦੇ ਐਟਮੀ ਹਥਿਆਰ ਸੁਰੱਖਿਅਤ ਨਹੀਂ

ਇਸਲਾਮਾਬਾਦ, 18 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਬਾਰੇ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਗੱਲ ਨਾ ਸੁਣੀ ਜਾਣ ਪਿੱਛੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਦਾ ਅਕਸ ਖ਼ਰਾਬ ਕਰਨ ਲਈ ਨਵਾਂ ਸ਼ੋਸ਼ਾ ਛੱਡ ਦਿੱਤਾ ਹੈ। ਉਸ ਨੇ ਕਿਹਾ ਕਿ ਭਾਰਤ ਦੇ ਐਟਮੀ ਹਥਿਆਰ ਸੁਰੱਖਿਅਤ ਹੱਥਾਂ ਵਿਚ ਨਹੀਂ ਹਨ ਅਤੇ ਇਸ ਉੱਤੇ ਦੁਨੀਆ ਦੇ ਦੇਸ਼ਾਂ ਨੂੰ ਗੰਭੀਰਤਾ ਪੂਰਵਕ ਧਿਆਨ ਦੇਣਾ ਚਾਹੀਦਾ ਹੈ।



ਪਿਛਲੇ ਹਫਤੇ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਪਾਕਿਸਤਾਨ ਦੀ ਗੱਲ ਨਾ ਸੁਣੇ ਜਾਣ ਦੇ ਬਾਅਦ ਇਮਰਾਨ ਖਾਨ ਨੇ ਦੁਨੀਆ ਦਾ ਧਿਆਨ ਖਿੱਚਣ ਲਈ ਭਾਰਤ ਦੇ ਐਟਮੀ ਹਥਿਆਰਾਂ ਦਾ ਮੁੱਦਾ ਉਛਾਲ ਦਿੱਤਾ ਹੈ। ਉਨ੍ਹਾਂਨੇ ਟਵੀਟ ਕਰ ਕੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਵਿਚ ਇਸਦੇਸ਼ ਦੇ ਐਟਮੀ ਹਥਿਆਰ ਸੁਰੱਖਿਅਤ ਨਹੀਂ, ਇਸ ਲਈ ਦੁਨੀਆ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀ ਐੱਫ) ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨਵੱਲੋਂ ਇਹ ਟਵੀਟ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਉਸ ਬਿਆਨ ਤੋਂ ਬਾਅਦ ਆਏ ਹਨ, ਜਿਸ ਵਿਚ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਭਾਰਤ ਐਟਮੀ ਹਥਿਆਰਾਂ ਦੀ ਪਹਿਲਾਂ ਵਰਤੋਂ ਨਾ ਕਰਨ ਦੀ ਨੀਤੀ ਉੱਤੇ ਕਾਇਮ ਹੈ, ਪਰ ਇਹ ਸਭ ਕੁਝ ਭਵਿੱਖ ਦੇ ਘਟਨਾਕ੍ਰਮ ਉੱਤੇ ਨਿਰਭਰ ਹੈ। ਉਨ੍ਹਾ ਦੇ ਬਿਆਨ ਪਿੱਛੋਂ ਇਮਰਾਨ ਖ਼ਾਨ ਨੇ ਟਵੀਟ ਕੀਤਾ ਕਿ ਭਾਰਤ ਵਿੱਚ ਹਿੰਦੂਵਾਦੀ ਤਾਕਤਾਂ ਮੋਦੀ ਸਰਕਾਰ ਨੂੰ ਕੰਟਰੋਲ ਕਰਦੀਆਂ ਹਨ, ਉਨ੍ਹਾਂ ਦੀ ਨੀਤੀ ਦੇ ਬਦਲਾਅ ਦੇ ਸੰਕੇਤ ਨਾ ਸਿਰਫ਼ ਖੇਤਰ ਲਈ, ਸਗੋਂ ਦੁਨੀਆ ਦੇ ਲਈ ਖ਼ਤਰਾ ਹਨ।ਵਰਨਣ ਯੋਗ ਹੈ ਕਿ ਪਾਕਿਸਤਾਨ ਖ਼ੁਦ ਐਟਮੀ ਹਥਿਆਰਾਂ ਦੀ ਪਹਿਲਾਂ ਵਰਤੋਂ ਨਾ ਕਰਨ ਦੀ ਨੀਤੀ ਉੱਤੇ ਚੱਲਣ ਦੀ ਗੱਲ ਕਦੇ ਨਹੀਂ ਕਰਦਾ, ਜਦਕਿ ਦੁਨੀਆ ਦੇ ਹੋਰ ਸਾਰੇ ਐਟਮੀ ਹਥਿਆਰਾਂ ਵਾਲੇ ਦੇਸ਼ ਇਸ ਨੀਤੀ ਦਾ ਪਾਲਣ ਕਰਦੇ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਵੀ ਸ਼ਨਿਚਰਵਾਰ ਨੂੰ ਬਿਆਨ ਜਾਰੀ ਕਰ ਕੇ ਭਾਰਤ ਦੇ ਰੱਖਿਆ ਮੰਤਰੀ ਦੇ ਬਿਆਨ ਨੂੰ ਮੰਦਭਾਗਾ ਤੇ ਗ਼ੈਰ-ਜ਼ਿੰਮੇਵਾਰਾਨਾ ਦੱਸਿਆ ਸੀ।

# ਆਗੂਆਂ ਦੀ ਹੋਣ ਵਾਲੀ ਬਹਿਸ ਵਿੱਚ ਥਾਂ ਬਣਾਉਣ ਦੀ ਬਰਨੀਅਰ ਨੂੰ ਪੂਰੀ ਆਸ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਹੋਰ ਪਾਰਟੀਆਂ ਚੋਣ ਸਰਵੇਖਣਾਂ ਤੇ ਫੋਕਸ ਗਰੁੱਪਜ਼ ਉੱਤੇ ਧਿਆਨ ਕੇਂਦਰਿਤ ਕਰਕੇ ਇਹ ਫੈਸਲਾ ਕਰਦੀਆਂ ਹਨ ਕਿ ਉਨ੍ਹਾਂ ਦਾ ਕਿਸੇ ਮੁੱਦੇ ਉੱਤੇ ਸਟੈਂਡ ਕੀ ਹੈ ਪਰ ਅਸੀਂ ਆਪਣੇ ਸਿਧਾਂਤਾਂ ਉੱਤੇ ਪਹਿਰਾ ਦਿੰਦੇ ਹਾਂ। ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਸਰਕਾਰ ਵੱਲੋਂ ਕਾਇਮ ਕੀਤੇ ਗਏ ਮਾਪਦੰਡਾਂ ਤਹਿਤ 7 ਅਕਤੂਬਰ ਤੇ 10 ਅਕਤੂਬਰ ਨੂੰ ਹੋਣ ਵਾਲੀ ਚੋਣਾਂ ਸਬੰਧੀ ਬਹਿਸ ਵਿੱਚ ਹਿੱਸਾ ਲੈਣ ਲਈ ਬਾਕੀ ਸਾਰੀਆਂ ਪਾਰਟੀਆਂ ਕੁਆਲੀਫਾਈ ਕਰ ਗਈਆਂ ਹਨ।

ਇਸ ਬਹਿਸ ਵਿੱਚ ਹਿੱਸਾ ਲੈਣ ਦੀ ਚਾਹਵਾਨ ਕਿਸੇ ਵੀ ਪਾਰਟੀ ਨੂੰ ਤਿੰਨ ਸ਼ਰਤਾਂ ਵਿੱਚੋਂ ਦੋ ਪੂਰੀਆਂ ਕਰਨੀਆਂ ਜ਼ਰੂਰੀ ਹਨ। ਇਨ੍ਹਾਂ ਸ਼ਰਤਾਂ ਵਿੱਚ ਪਹਿਲੀ ਹੈ ਪਾਰਟੀ ਬੈਨਰ ਹੇਠ ਇੱਕ ਮੌਜੂਦਾ ਐਮਪੀ ਦਾ ਹੋਣਾ, ਦੂਜੀ ਹੈ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ 338 ਫੈਡਰਲ ਹਲਕਿਆਂ ਵਿੱਚੋਂ 90 ਫੀ ਸਦੀ ਹਲਕਿਆਂ ਉੱਤੇ ਆਪਣੇ ਉਮੀਦਵਾਰ ਖੜ੍ਹੇ ਕਰਨਾ। ਪੀਪੀਸੀ ਵੀ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਨਾ ਚਾਹੁੰਦੀ ਹੈ ਪਰ ਬਰਨੀਅਰ ਕੰਜ਼ਰਵੇਟਿਵ ਵਜੋਂ ਚੁਣੇ ਗਏ ਸਨ। ਤੀਜੀ ਸ਼ਰਤ ਹੈ ਕਿ ਚੋਣਾਂ ਵਿੱਚ ਹਿੱਸਾ ਲੈ ਰਹੀ ਪਾਰਟੀ ਨੇ 2015 ਦੀਆਂ ਚੋਣਾਂ ਵਿੱਚ 4 ਫੀ ਸਦੀ ਵੋਟਾਂ ਹਾਸਲ ਕੀਤੀਆਂ ਹੋਣ ਜਾਂ ਫਿਰ ਉਸ ਦਾ ਉਮੀਦਵਾਰ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਜਿੱਤਣ ਦਾ ਯੋਗ ਮੌਕਾ ਰੱਖਦਾ ਹੋਵੇ।

ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ, ਜੋ ਕਿ ਹੁਣ ਲੀਡਰਜ਼ ਡਿਬੇਟਸ ਕਮਿਸ਼ਨ ਦੇ ਮੁਖੀ ਹਨ, ਦਾ ਕਹਿਣਾ ਹੈ ਕਿ ਪੀਪੀਸੀ ਉਸ ਸਮੇਂ ਇਹ ਸ਼ਰਤਾਂ ਪੂਰੀਆਂ ਨਹੀਂ ਸੀ ਕਰਦੀ ਪਰ ਉਨ੍ਹਾਂ ਇਹ ਵੀ ਆਖਿਆ ਕਿ 9 ਸਤੰਬਰ ਤੱਕ ਪਾਰਟੀ ਆਪਣੇ ਕੇਸ ਲਈ ਤਰਕ ਪੇਸ਼ ਕਰ ਸਕਦੀ ਹੈ। ਬਰਨੀਅਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਜੌਹਨਸਟਨ ਦਾ ਮਨ ਉਹ ਬਦਲ ਸਕਦੇ ਹਨ ਤੇ ਉਹ ਉਨ੍ਹਾਂ ਨੂੰ ਹੋਰਨਾਂ ਪਾਰਟੀ ਆਗੂਆਂ ਨਾਲ ਇਸ ਬਹਿਸ ਵਿੱਚ ਹਿੱਸਾ ਲੈਣ ਦੇਣਗੇ।





Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975
Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000
23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000
1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000
17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900
7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000
23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000
5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000
693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000
32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

## ਉਡਾਣ ਦੇ ਰੂਟ ਦਾ ਚਾਰਟ ਲਏ ਬਿਨਾਂ ਜਹਾਜ਼ ਉੱਡ ਗਿਆ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਨਿੱਜੀ ਏਅਰਲਾਈਨਸ ਗੋਏਅਰ ਦਾ ਬੈਂਕਾਕ ਜਾਣ ਵਾਲਾ ਜਹਾਜ਼ ਜ਼ਰੂਰੀ ਨੈਵੀਗੇਸ਼ਨ ਚਾਰਟ ਦੇ ਬਿਨਾਂ ਹੀ ਰਵਾਨਾ ਹੋ ਗਿਆ। ਉਡਾਣ ਭਰਨ ਦੇ ਬਾਅਦ ਕਰੂ ਨੇ ਦੇਖਿਆ ਕਿ ਉਨ੍ਹਾਂ ਦੇ ਕੋਲ ਜ਼ਰੂਰੀ ਨੈਵੀਗੇਸ਼ਨ ਚਾਰਟ ਤਾਂ ਹੈ ਨਹੀਂ। ਇਸ ਦੇ ਬਾਅਦ ਉਸ ਨੂੰ ਰਸਤੇ ਵਿੱਚੋਂ ਵਾਪਸ ਆਉਣਾ ਪਿਆ।

ਵਰਨਣ ਯੋਗ ਹੈ ਕਿ ਜਹਾਜ਼ਾਂ ਵਿੱਚ ਨੈਵੀਗੇਸ਼ਨ ਦੀ ਸਹੂਲਤ ਲਈ ਇਹ ਚਾਰਟ ਰੱਖਣਾ ਜ਼ਰੂਰੀ ਹੈ। ਨੈਵੀਗੇਸ਼ਨ ਚਾਰਟ ਨਾ ਹੋਣ ਕਾਰਨ ਜਹਾਜ਼ ਨੂੰ ਬੈਂਕਾਕ ਵਿੱਚ ਉਤਰਨ ਅਤੇ ਪਹੁੰਚਣ ਵਿੱਚ ਪਰੇਸ਼ਾਨੀ ਹੋਣੀ ਸੀ। ਜਹਾਜ਼ ਨੇ ਸਵੇਰੇ 7.15 ਵਜੇ ਇੰਦਰਾ ਗਾਂਧੀ ਏਅਰਪੋਰਟ ਦੇ ਟਰਮੀਨਲ ਤਿੰਨ ਤੋਂ ਉਡਾਣ ਭਰੀ ਤਾਂ ਰਾਹ ਵਿੱਚ ਕਰੂ ਮੈਂਬਰਾਂ ਨੂੰ ਪਤਾ ਲੱਗਾ ਕਿ ਕਾਕਪਿਟ ਵਿੱਚ ਨੈਵੀਗੇਸ਼ਨ ਚਾਰਟ ਹੀ ਨਹੀਂ ਹੈ। ਪਾਇਲਟ ਨੇ ਇਸ ਬਾਰੇ ਏਅਰਪੋਰਟ ਅਥਾਰਿਟੀ, ਏਅਰਲਾਈਨ ਤੇ ਸੰਬੰਧਤ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਤੇ ਇਸ ਦੇ ਬਾਅਦ ਜਹਾਜ਼ ਨੂੰ ਵਾਪਸ ਦਿੱਲੀ ਲਿਆਂਦਾ ਗਿਆ।

ਗੋਏਅਰ ਦੇ ਬੁਲਾਰੇ ਨੇ ਕਿਹਾ ਕਿ ਜਹਾਜ਼ ਵਿੱਚ 146 ਯਾਤਰੀ ਸੀ। ਉਹ ਜਹਾਜ਼ ਪਿੱਛੇ ਜਿਹੇ ਹੀ ਏਅਰਲਾਈਨਸ ਨੂੰ ਮਿਲਿਆ ਹੈ। ਸਾਧਾਰਨ ਤੌਰ ਉਤੇ ਇਹ ਘਰੇਲੂ ਉਡਾਣਾਂ ਲਈ ਹੈ, ਪਰ ਰੱਖ ਰਖਾਅ ਕੰਮਾਂ ਕਾਰਨ ਰੋਜ਼ਾਨਾ ਇਸ ਰਸਤੇ 'ਤੇ ਚੱਲਣ ਵਾਲਾ ਜਹਾਜ਼ ਨਹੀਂ ਜਾ ਸਕਿਆ, ਉਸ ਦੀ ਜਗ੍ਹਾ ਨਵਾਂ ਜਹਾਜ਼ ਭੇਜਿਆ ਸੀ। ਇਸ ਬਦਲਾਅ ਵਿੱਚ ਨੈਵੀਗੇਸ਼ਨ ਚਾਰਟ ਅਪਡੇਟ ਨਹੀਂ ਹੋ ਸਕਿਆ। ਸੁਰੱਖਿਆ ਦੀ ਦ੍ਰਿਸ਼ਟੀ ਨਾਲ ਪਾਇਲਟ ਨੇ ਨੈਵੀਗੇਸ਼ਨ ਚਾਰਟ ਲਈ ਵਾਪਸ ਆਉਣਾ ਠੀਕ ਸਮਝਿਆ। ਦਿੱਲੀ ਵਿੱਚ ਲੈਂਡਿੰਗ ਅਤੇ ਦੁਬਾਰਾ ਉਡਾਣ ਭਰਨ ਦੇ ਕਾਰਨ ਉਡਾਣ ਪੌਣੇ ਦੋ ਘੰਟੇ ਤੋਂ ਜ਼ਿਆਦਾ ਲੇਟ ਹੋ ਗਈ। ਕੁਝ ਯਾਤਰੀਆਂ ਨੇ ਹੰਗਾਮਾ ਕੀਤਾ। ਏਅਰਲਾਈਨ ਕਰਮੀਆਂ ਨੇ ਉਨ੍ਹਾਂ ਨੂੰ ਸਮਝਾ ਬੁਝਾ ਕੇ ਸ਼ਾਂਤ ਕੀਤਾ।

# ਵਿਧਾਇਕ ਅਤੇ ਡਿਪਟੀ ਕਮਿਸ਼ਨਰ ਨੇ ਧਰਮਕੋਟ ਵਿਖੇ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

***ਡਿਪਟੀ ਕਮਿਸ਼ਨਰ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਾਸੀਆਂ ਨੂੰ ਧਰਮਕੋਟ ਵਿਖੇ ਰਾਹਤ ਕੇਦਰਾਂ ਵਿੱਚ ਜਾਣ ਦੀ ਅਪੀਲ**



ਮੋਗਾ, 18 ਅਗਸਤ(ਗਿਆਨ ਸਿੰਘ)- ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਅੱਜ ਧਰਮਕੋਟ ਦੇ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ ਦੇ ਨਾਲ ਰੋਪੜ ਹੈੱਡ ਵਰਕ ਤੋਂ ਭਾਰੀ ਮਾਤਰਾ ਵਿੱਚ ਪਾਣੀ ਛੱਡਣ ਕਾਰਣ ਇਸਦੇ ਪੱਧਰ ਵਿੱਚ ਹੋਏ ਅਚਾਨਕ ਵਾਧੇ ਤੋਂ ਬਾਅਦ ਹਲਕਾ ਧਰਮਕੋਟ ਵਿੱਚ ਪੈਂਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਹੜ੍ਹਾਂ ਨਾਲ ਨਜਿੱਠਣ ਦੀ ਸਥਿਤੀ ਦਾ ਜਾਇਜ਼ਾ ਲਿਆ।

ਵਿਧਾਇਕ ਅਤੇ ਡਿਪਟੀ ਕਮਿਸ਼ਨਰ ਨੇ ਹਲਕਾ ਧਰਮਕੋਟ ਦੇ ਸਭ ਤੋ ਵੱਧ ਹੜ੍ਹ ਪ੍ਰਭਾਵਤ ਦੋ ਪਿੰਡਾਂ ਸੰਘੇੜਾ ਅਤੇ ਕੰਬੋ ਖੁਰਦ ਦਾ ਦੌਰਾ ਕੀਤਾ ਅਤੇ ਹੜਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਕੀਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਮੌਕੇ ਉਨ੍ਹਾਂ ਨਾਲ ਉਪ ਮੰਡਲ ਮੈਜਿਸਟਰੇਟ ਧਰਮਕੋਟ ਨਰਿੰਦਰ ਸਿੰਘ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵਸਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸੁਰੱਖਿਆ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਪਤ ਕੀਤੇ ਚਾਰ ਰਾਹਤ ਕੇਂਦਰਾਂ ਵਿੱਚ ਚਲੇ ਜਾਣ। ਉਨ੍ਹਾਂ ਕਿਹਾ ਕਿ ਚਾਰ ਰਾਹਤ ਕੇਂਦਰ ਧਰਮਕੋਟ,-ਅਲਤਬਸਕਿਸ਼ਨਪੁਰਾ ਕਲਾਂ,ਖੰਬਾ ਅਤੇ ਫਤਿਹਗੜ ਪੰਜਤੂਰ ਵਿੱਚ ਬਣਾਏ ਗਏ ਹਨ ਜਦਕਿ ਪਿੰਡ ਰਿਹੜਵਾਂ ਵਿਖੇ ਵੀ ਇੱਕ ਐਮਰਜੈਂਸੀ ਕੇਂਦਰ ਸਥਾਪਤ ਕੀਤਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਰਾਹਤ ਕੇਂਦਰਾਂ ਵਿੱਚ ਖਾਣ ਪੀਣ, ਬੈਠਣ, ਰਹਿਣ, ਪਸ਼ੂਆਂ ਲਈ ਚਾਰੇ, ਮਨੁੱਖਾਂ ਅਤੇ ਪਸ਼ੂਆਂ ਲਈ ਟੀਕਾਕਰਨ ਤੋਂ ਇਲਾਵਾ ਹੋਰ ਸਾਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਦਰਾਂ ਵਿੱਚ ਆਉਣ ਵਾਲੇ ਸਾਰੇ ਲੋਕਾਂ ਨੂੰ ਵਧੀਆ ਸਹੂਲਤਾਂ ਦਿਵਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਰਾਹਤ ਕੇਦਰਾਂ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਣੀ ਚਾਹੀਦੀ।

ਜਾਣਕਾਰੀ ਅਨੁਸਾਰ ਹਲਕਾ ਧਰਮਕੋਟ ਵਿਚ ਲਗਭਗ 28 ਪਿੰਡ ਪੈਂਦੇ ਹਨ ਜਿੰਨ੍ਹਾਂ ਵਿੱਚੋ ਸੰਘੇੜਾ, ਕੰਬੋ ਖੁਰਦ ਅਤੇ ਭੈਣੀ ਤਿੰਨ ਸਭ ਤੋ ਵੱਧ ਹੜ੍ਹ ਪ੍ਰਭਾਵਤ ਪਿੰਡ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਰਾਹਤ ਕੇਂਦਰਾਂ ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਹੈ।

ਜਿਕਰਯੋਗ ਹੈ ਕਿ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਹੰਸ ਵੱਲੋ ਸੰਭਾਵੀ ਹੜ੍ਹਾਂ ਦੀ ਸਥਿਤੀ ਨੂੰ ਵੇਖਦੇ ਹੋਏ ਉਚਿਤ ਪ੍ਰਬੰਧ ਕਰਨ ਲਈ ਮੋਗਾ ਜਿਲ੍ਹੇ ਦੀਆਂ ਸਮਾਜ ਸੇਵੀ ਸੰਸਥਾਵਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਐਨ ਜੀ ਓ ਸੰਸਥਾਵਾਂ ਨੂੰ ਇਸ ਸਥਿਤੀ ਵਿੱਚ ਪੂਰਨ ਸਹਿਯੋਗ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਜਿਨਾਂ ਐਨ ਜੀ ਓ ਮੈਂਬਰਾਂ ਨੇ ਡਿਜਾਸਟਰ ਮੈਨੇਜਮੈਂਟ ਦੀ ਸਿਖਲਾਈ ਹਾਸਿਲ ਕੀਤੀ ਹੈ, ਉਹ ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਪਹੁੰਚਾਉਣ ਵਿੱਚ ਮੱਦਦ ਕਰਨ ਅਤੇ ਇਨਸਾਨਾਂ ਲਈ ਭੋਜਨ ਅਤੇ ਪਸ਼ੂਆਂ ਲਈ ਚਾਰਾ ਜੁਟਾਉਣ ਲਈ ਆਪਣੇ ਆਪ ਨੂੰ ਤਿਆਰ ਰੱਖਣ।

## ਜ਼ਿਲ੍ਹਾ ਪ੍ਰਸ਼ਾਸਨ ਦਰਿਆ ਸਤਲੁਜ ਨੇੜਲੇ 67 ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਜਾਣ ਦੇ ਆਦੇਸ਼



ਨਵਾਂਸ਼ਹਿਰ/ਬਲਾਚੌਰ, 18 ਅਗਸਤ(ਗਿਆਨ ਸਿੰਘ)- ਦਰਿਆ ਸਤਲੁਜ 'ਚ ਪਾਣੀ ਦੇ ਵੱਧ ਰਹੇ ਪੱਧਰ ਦੇ ਮੱਦੇਨਜ਼ਰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਦਰਿਆ ਦੀ ਮਾਰ ਹੇਠ ਆਉਂਦੇ ਪਿੰਡਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਐਸ ਡੀ ਐਮ ਨਵਾਂਸ਼ਹਿਰ ਤੇ ਐਸ ਡੀ ਐਮ ਬਲਾਚੌਰ ਨੂੰ ਦਰਿਆ ਨੇੜਲੇ 67 ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਭੇਜਣ ਦੇ ਆਦੇਸ਼ ਦਿੱਤੇ ਗਏ ਹਨ।

ਡਿਪਟੀ ਕਮਿਸ਼ਨਰ ਸ੍ਰੀ ਵਿਨੈ ਬਬਲਾਨੀ ਜੋ ਕਿ ਖੁਦ ਐਸ ਐਸ ਪੀ ਸ੍ਰੀਮਤੀ ਅਲਕਾ ਮੀਨਾ ਨੂੰ ਨਾਲ ਲੈ ਕੇ ਦਰਿਆ ਸਲਤੁਜ ਦੇ ਧੁੱਸੀ ਬੰਨ੍ਹ ਦਾ ਜਾਇਜ਼ਾ ਲੈਣ ਨਵਾਂਸ਼ਹਿਰ ਦੇ ਪਿੰਡ ਤਾਜੋਵਾਲ-ਮੰਢਾਲਾ ਅਤੇ ਬਲਾਚੌਰ ਦੇ ਪਿੰਡ ਬੇਲਾ-ਤਾਜੋਵਾਲ ਪੁੱਜੇ ਸਨ, ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਲਈ ਲੋਕਾਂ ਦੀ ਸੁਰੱਖਿਆ ਸਭ ਤੋਂ ਉੱਪਰ ਹੈ। ਇਸੇ ਲਈ ਪਾਣੀ ਦੇ ਵਧ ਰਹੇ ਪੱਧਰ ਨੂੰ ਦੇਖਦਿਆਂ ਜਿੱਥੇ ਜਲੰਧਰ ਤੋਂ ਫ਼ੌਜ ਨੂੰ ਸੱਦ ਲਿਆ ਗਿਆ ਹੈ ਉੱਥੇ ਜ਼ਿਲ੍ਹੇ ਦੇ ਸਿਵਲ, ਪੁਲਿਸ, ਮਾਲ, ਪੰਚਾਇਤ, ਡਰੇਨੇਜ, ਖੁਰਾਕ ਤੇ ਸਪਲਾਈ, ਪਸ਼ੂ ਪਾਲਣ, ਸਿਹਤ ਵਿਭਾਗ ਅਤੇ ਹੋਰਨਾਂ ਮਹਿਕਮਿਆਂ ਨੂੰ ਖਬਰਦਾਰ ਕਰਦਿਆਂ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਤਿਆਰ ਰਹਿਣ ਲਈ ਆਖ ਦਿੱਤਾ ਗਿਆ ਹੈ।

ਨਵਾਂਸ਼ਹਿਰ ਦੇ ਵਿਧਾਇਕ ਅੰਗਦ ਸਿੰਘ ਜੋ ਕਿ ਆਪਣੇ ਹਲਕੇ 'ਚ ਪੈਂਦੇ ਧੁੱਸੀ ਬੰਨ੍ਹ ਦੇ ਜਾਇਜ਼ੇ ਲਈ ਉੱਥੇ ਪੁੱਜੇ, ਨੇ ਡਿਪਟੀ ਕਮਿਸ਼ਨਰ ਨੂੰ ਇਸ ਥਾਂ 'ਤੇ ਬੰਨ੍ਹ ਨੂੰ ਲੱਗੀ ਢਾਹ 'ਤੇ ਚੱਲ ਰਹੀ ਮੁਰੰਮਤ ਨੂੰ ਦਿਨ-ਰਾਤ ਕੰਮ ਕਰਵਾ ਕੇ ਮਜ਼ਬੂਤ ਕਰਨ ਲਈ ਆਖਿਆ। ਡਿਪਟੀ ਕਮਿਸ਼ਨਰ ਨੇ ਵਿਧਾਇਕ ਨੂੰ ਭਰੋਸਾ ਦਿੱਤਾ ਕਿ ਡਰੇਨੇਜ ਵਿਭਾਗ ਵੱਲੋਂ ਬੰਨ੍ਹ ਦੀ ਮਜ਼ਬੂਤੀ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਹਰ ਹਾਲ ਕੀਤੀ ਜਾਵੇਗੀ।

ਬੇਲਾ-ਤਾਜੋਵਾਲ ਦੇ ਦੌਰੇ ਦੌਰਾਨ ਹਲਕਾ ਵਿਧਾਇਕ ਚੌ. ਦਰਸ਼ਨ ਲਾਲ ਮੰਗੂਪੁਰ ਵੀ ਮੌਜੂਦ ਸਨ, ਨੇ ਡਿਪਟੀ ਕਮਿਸ਼ਨਰ ਨੂੰ ਜਿੱਥੇ ਸਤਲੁਜ ਬੰਨ੍ਹ ਦੀ ਨਾਜ਼ੁਕ ਸਥਿਤੀ ਦਿਖਾਈ ਉੱਥੇ ਇਸ ਦੇ ਮੁਰੰਮਤ ਕਾਰਜਾਂ ਲਈ ਆਖਿਆ। ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਐਸ ਡੀ ਐਮ ਬਲਾਚੌਰ ਜਸਬੀਰ ਸਿੰਘ ਦੀ ਅਗਵਾਈ 'ਚ ਡਰੇਨੇਜ ਵਿਭਾਗ, ਪੰਚਾਇਤ ਵਿਭਾਗ ਅਤੇ ਪੁਲਿਸ ਬੰਨ੍ਹ ਦੀ ਮੁਰੰਮਤ ਲਈ ਪੂਰੀ ਮੁਸਤੈਦ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਰੱਖੀ ਜਾਵੇਗੀ।

## ਮੋਦੀ ਵੱਲੋਂ ਭਾਰਤ ਦੀਆਂ ਫੌਜਾਂ ਲਈ 'ਚੀਫ ਆਫ ਡਿਫੈਂਸ ਸਟਾਫ' ਅਹੁਦਾ ਕਾਇਮ ਕਰਨ ਦਾ ਐਲਾਨ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਵਸ ਮੌਕੇ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਸੰਬੋਧਨ ਮੌਕੇ ਭਾਰਤ ਵਿੱਚ ਚੀਫ ਆਫ ਡਿਫੈਂਸ ਸਟਾਫ ਅਹੁਦਾ ਬਣਾਉਣ ਦਾ ਐਲਾਨ ਕਰਦੇ ਹੋਏ ਇਹ ਪ੍ਰਣ ਕੀਤਾ ਕਿ ਉਹ ਜੰਮੂ ਕਸ਼ਮੀਰ ਦੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨਗੇ। ਉਨ੍ਹਾਂ ਨੇ ਆਬਾਦੀ 'ਤੇ ਕਾਬੂ ਪਾਉਣ ਅਤੇ 'ਇਕ ਰਾਸ਼ਟਰ, ਇਕ ਚੋਣ' ਦੇ ਮੁੱਦੇ ਵੀ ਉਭਾਰੇ।

ਲਗਾਤਾਰ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਮਗਰੋਂ ਪਹਿਲੇ ਆਜ਼ਾਦੀ ਦਿਵਸ ਮੌਕੇ ਨਰਿੰਦਰ ਮੋਦੀ ਨੇ ਧਾਰਾ 370 ਨੂੰ ਰੱਦ ਕਰਨ ਦੇ ਕਦਮ ਨੂੰ 'ਇਕ ਰਾਸ਼ਟਰ, ਇਕ ਸੰਵਿਧਾਨ' ਵੱਲ ਕਦਮ ਕਰਾਰ ਦਿੱਤਾ ਤੇ ਕਿਹਾ ਕਿ ਜੰਮੂ ਕਸ਼ਮੀਰ ਨੂੰ ਦਿੱਤਾ ਗਿਆ ਵਿਸ਼ੇਸ਼ ਦਰਜਾ 70 ਸਾਲਾਂ 'ਚ ਫੈਸਲਾਕੁਨ ਨਤੀਜੇ ਦੇਣ 'ਚ ਨਾਕਾਮ ਰਿਹਾ ਤੇ ਅੱਗੋਂ ਇਸ ਖਿੱਤੇ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਆਪਣੇ 95 ਮਿੰਟਾਂ ਦੇ ਭਾਸ਼ਨ 'ਚ ਪ੍ਰਧਾਨ ਮੰਤਰੀ ਨੇ ਕਿਹਾ, 'ਸਰਕਾਰ ਨੇ ਚੀਫ ਆਫ ਡਿਫੈਂਸ ਸਟਾਫ (ਸੀ ਡੀ ਐਸ) ਦਾ ਅਹੁਦਾ ਕਾਇਮ ਕਰਨ ਦਾ ਫੈਸਲਾ ਲਿਆ ਹੈ। ਇਸ ਨਾਲ ਸਾਰੀਆਂ ਤਿੰਨੋਂ ਫੌਜਾਂ ਨੂੰ ਮਿਲ ਕੇ ਕੰਮ ਕਰਨ ਵਿੱਚ ਸਹਾਇਤਾ ਮਿਲੇਗੀ ਕਿਉਂਕਿ ਅੱਜ ਕੱਲ੍ਹ ਇਹ ਦੇਸ਼ ਬੰਦਸ਼ਾਂ 'ਚ ਰਹਿ ਕੇ ਕੰਮ ਨਹੀਂ ਕਰ ਸਕਦਾ ਅਤੇ ਉਸ ਨੂੰ ਬਦਲ ਰਹੀ ਦੁਨੀਆ ਨਾਲ ਕਦਮ ਮਿਲਾ ਕੇ ਤੁਰਨਾ ਪਵੇਗਾ।' ਇਸ ਦੌਰਾਨ ਉਨ੍ਹਾਂ ਸਰਹੱਦ ਪਾਰੋਂ ਅੱਤਵਾਦ, ਭ੍ਰਿਸ਼ਟਾਚਾਰ, ਗਰੀਬੀ, ਪਲਾਸਟਿਕ ਦੀ ਵਰਤੋਂ ਉੱਤੇ ਪਾਬੰਦੀ, ਖਾਦਾਂ ਦੀ ਵਰਤੋਂ ਘਟਾਉਣ ਅਤੇ ਪਾਣੀ ਦੀ ਸੰਭਾਲ ਆਦਿ ਜਿਹੇ ਮੁੱਦਿਆਂ ਨੂੰ ਵੀ ਛੋਹਿਆ। ਮੋਦੀ ਨੇ 'ਜਲ ਜੀਵਨ' ਮਿਸ਼ਨ ਦਾ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਸਾਰੇ ਘਰਾਂ 'ਚ ਟੂਟੀਆਂ ਰਾਹੀਂ ਪੀਣ ਵਾਲਾ ਪਾਣੀ ਹਾਸਲ ਕਰਾਉਣ ਲਈ ਸਾਢੇ ਤਿੰਨ ਲੱਖ ਕਰੋੜ ਰੁਪਏ ਖਰਚੇਗੀ।

## ਹੜ੍ਹ ਨਾਲ ਟੁੱਟੇ ਪੁਲ ਤੋਂ ਬੱਚੇ ਨੇ ਰਸਤਾ ਦਿਖਾ ਕੇ ਐਂਬੂਲੈਂਸ ਪਾਰ ਕਰਵਾਈ

ਰਾਏਚੂਰ, 18 ਅਗਸਤ (ਪੋਸਟ ਬਿਊਰੋ)- ਕਰਨਾਟਕ ਦੇ ਬਹੁਤੇ ਇਲਾਕੇ ਹੜ੍ਹ ਦੀ ਮਾਰ ਹੇਠ ਹਨ। ਪਾਣੀ ਕਾਰਨ ਸੜਕ, ਖੇਤ, ਤਾਲਾਬ ਭਰੇ ਹੋਏ ਹਨ। ਜ਼ਿਆਦਾਤਰ ਸੜਕਾਂ ਦਿਖਾਈ ਨਹੀਂ ਦੇ ਰਹੀਆਂ। ਅਜਿਹੇ ਹਾਲਾਤ ਵਿੱਚ ਰਾਏਚੂਰ ਜ਼ਿਲੇ ਵਿੱਚ ਇਕ 12 ਸਾਲਾ ਬੱਚਾ ਇਕ ਐਂਬੂਲੈਂਸ ਨੂੰ ਰਸਤਾ ਦਿਖਾਉਂਦਾ ਰਿਹਾ, ਤਾਂ ਕਿ ਉਹ ਸਹੀ ਸਲਾਮਤ ਮੁੱਖ ਮਾਰਗ ਤੱਕ ਪਹੁੰਚ ਜਾਵੇ। ਬੀਤੀ 15 ਅਗਸਤ ਦੇ ਮੌਕੇ 'ਤੇ ਸਥਾਨਕ ਪ੍ਰਸ਼ਾਸਨ ਨੇ ਉਸ ਨੂੰ ਬਹਾਦਰੀ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਬੱਚੇ ਦਾ ਨਾਮ ਵੇਂਕਟੇਸ਼ ਹੈ ਅਤੇ ਉਹ ਹੀਰੇਰਾਯਨਕੁੰਪੀ ਪਿੰਡ ਦਾ ਰਹਿਣ ਵਾਲਾ ਹੈ। ਸਥਾਨਕ ਮੀਡੀਆ ਦੇ ਮੁਤਾਬਕ ਉਸ ਸਮੇਂ ਐਂਬੂਲੈਂਸ ਵਿੱਚ ਛੇ ਬੱਚਿਆਂ ਸਮੇਤ ਇਕ ਮਹਿਲਾ ਦੀ ਲਾਸ਼ ਸੀ। ਵੇਂਕਟੇਸ਼ ਨੇ ਐਂਬੂਲੈਂਸ ਨੂੰ ਓਦੋਂ ਰਸਤਾ ਦਿਖਾਇਆ ਸੀ, ਜਦ ਉਸ ਨੇ ਇਕ ਪੁਲ ਤੋਂ ਲੰਘਣਾ ਸੀ।

## ਰੋਪੜ ਹੈੱਡਵਰਕ ਤੋਂ ਪਾਣੀ ਛੱਡੇ ਜਾਣ ਦੇ ਮੱਦੇਨਜ਼ਰ ਜ਼ਿਲ੍ਹੇ ਦੇ 52 ਮੋਸਟ ਸੈਂਸਟਿਵ ਪਿੰਡਾਂ ਨੂੰ ਖ਼ਾਲੀ ਕਰਵਾਉਣ ਦੇ ਨਿਰਦੇਸ਼

***ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਨੇ ਸੰਵੇਦਨਸ਼ੀਲ ਇਲਾਕਿਆਂ ਦਾ ਕੀਤਾ ਦੌਰਾ**



ਫਿਰੋਜਪੁਰ,18 ਅਗਸਤ(ਗਿਆਨ ਸਿੰਘ)- ਰੋਪੜ ਹੈੱਡ ਵਰਕ ਤੋਂ 2,40,930 ਕਿਊਸਿਕ ਪਾਣੀ ਛੱਡੇ ਜਾਣ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਫਿਰੋਜਪੁਰ ਸ੍ਰੀ ਚੰਦਰ ਗੈਂਦ ਨੇ ਫਿਰੋਜਪੁਰ ਅਤੇ ਜ਼ੀਰਾ ਤਹਿਸੀਲ ਨਾਲ ਸੰਬੰਧਿਤ ਐਸ.ਡੀ.ਐਮਜ਼ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਜ਼ਿਲ੍ਹੇ ਦੇ 52 ਨੀਵੇਂ ਇਲਾਕੇ ਅਤੇ ਹੜ੍ਹ ਦੇ ਮੱਦੇਨਜ਼ਰ ਮੋਸਟ ਸੈਂਸਟਿਵ ਪਿੰਡਾ ਵਿਚ ਰਹਿਣ ਵਾਲੇ ਲੋਕਾਂ ਨੂੰ ਸੁਰੱਖਿਆ ਥਾਵਾਂ ਤੇ ਪਹੁੰਚਾਉਣ। ਡਿਪਟੀ ਕਮਿਸ਼ਨਰ ਚੰਦਰ ਗੈਂਦ ਅਤੇ ਐਸ.ਐਸ.ਪੀ ਵਿਵੇਕ ਐਸ. ਸੋਨੀ ਨੇ ਹੁਸੈਨੀਵਾਲਾ ਦੇ ਆਲੇ-ਦੁਆਲੇ ਅਤੇ ਹੋਰ ਥਾਵਾਂ ਤੇ ਜਾ ਕੇ ਸੰਵੇਦਨਸ਼ੀਲ ਇਲਾਕਿਆਂ ਦਾ ਦੌਰਾ ਕੀਤਾ, ਜਿੱਥੇ ਪਹਿਲਾਂ ਨੁਕਸਾਨ ਹੋ ਚੁਕਾ ਹੈ। ਉਨ੍ਹਾਂ ਇਨ੍ਹਾਂ ਇਲਾਕਿਆਂ ਵਿਚ ਡਿਊਟੀ ਤੇ ਤੈਨਾਤ ਅਫ਼ਸਰਾਂ ਨੂੰ ਖ਼ਾਸ ਨਿਗਰਾਨੀ ਕਰਨ ਲਈ ਹੁਕਮ ਦਿੱਤੇ ਅਤੇ ਸਾਰੀ ਰਿਪੋਰਟ ਉਨ੍ਹਾਂ ਨੂੰ ਦਿੰਦੇ ਰਹਿਣ ਲਈ ਆਖਿਆ।


ਡਿਪਟੀ ਕਮਿਸ਼ਨਰ ਨੇ ਸਬ ਡਵੀਜ਼ਨਲ ਮੈਜਿਸਟ੍ਰੇਟ ਨੂੰ ਜਿਨ੍ਹਾਂ ਪਿੰਡਾਂ ਨੂੰ ਖ਼ਾਲੀ ਕਰਾਉਣ ਲਈ ਕਿਹਾ ਹੈ ਉਨ੍ਹਾਂ ਵਿਚੋਂ 38 ਪਿੰਡ ਫਿਰੋਜਪੁਰ ਤਹਿਸੀਲ ਅਤੇ 14 ਪਿੰਡ ਜ਼ੀਰਾ ਤਹਿਸੀਲ ਦੇ ਹਨ। ਇਨ੍ਹਾਂ ਪਿੰਡਾਂ ਵਿੱਚ ਹਾਮਦ ਵਾਲਾ, ਕਮਾਲਾ ਮਿੱਡਾ, ਦੁੱਲਾ ਸਿੰਘ ਵਾਲਾ, ਬੱਗੇ ਵਾਲਾ, ਗੁਰਦਿੱਤੀ ਵਾਲਾ, ਮਸਤੇ ਕੇ, ਕਾਲੇ ਕੇ ਹਿਠਾੜ, ਰੁਕਨੇ ਵਾਲਾ, ਗੱਟੀ ਚੱਕ ਜਦੀਦ, ਕਾਮਲ ਵਾਲਾ, ਟੱਲੀ ਗੁਲਾਮ, ਪੱਲਾ ਮੇਘਾ, ਜਾਮਾ ਮੇਘਾ (ਗੱਟੀ ਮੱਤੜ), ਦੋਨਾ ਮੱਤੜ, ਕੁਤੁਬਦੀਨ ਵਾਲਾ, ਦੋਨਾ ਰਾਜਾ ਦੀਨਾ ਨਾਥ, ਮਹਮੂਦ ਕੇ ਮੱਲ ਹਿਠਾੜ, ਠਠੇਰਾ, ਘੀਰਾ ਘਾਰਾ, ਬੰਡਾਲਾ, ਅਕੂ ਵਾਲਾ, ਬਾਲਾ ਮੇਘਾ, ਕਾਲੂ ਵਾਲਾ, ਗੱਟੀ ਰਹੀਮੇ ਕੇ, ਲੱਗੇਆਣਾ, ਦੋਨਾ ਤੇਲੂਮਲ, ਗੰਦੂਕਿਲਚਾ, ਗੱਟੀ ਤੇਲੂਮਲ, ਦੋਨਾ ਰਹਿਮਤਵਾਲਾ, ਨਿਹਾਲਾ ਲਵੇਰਾ, ਗੁਲਾਮ ਹੁਸੈਨਵਾਲਾ, ਲਮੋਚੜ, ਭੰਬਾ ਸਿੰਘ ਵਾਲਾ, ਵੀਅਰ, ਨਿਹਾਲੇ ਵਾਲਾ, ਹਬੀਬ ਕੇ, ਅਲੀ ਔਲਖ, ਗੰਦੂ ਕਿਲਚਾ, ਮਾਨੋਮਾਛੀ, ਜਮਾਲੀਵਾਲਾ, ਚੱਕ ਮਾਨੋ ਮਾਛੀ, ਗੱਟਾ ਬਾਦਸ਼ਾਹ, ਗੱਟੀ ਹਰੀ ਕੇ, ਫੱਤੇਵਾਲਾ, ਘੁਰਾਮ, ਵਾੜਾ ਕਾਲੀ ਰਾਮ, ਕਾਮਲ ਵਾਲਾ, ਅਰਾਜੀ ਸਭਰਾ, ਫੱਤੇਗੜ ਸਭਰਾਹ, ਤੱਨਾਂ ਬੱਘਾ, ਗੱਟਾ ਦਲੇਲ, ਅਸ਼ੀਏ ਕੇ ਪਿੰਡ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਤਲੁਜ ਦਰਿਆ ਦੇ ਪਾਣੀ ਦੇ ਪੱਧਰ ਵਧਣ ਕਾਰਨ ਇਹ ਪਾਣੀ ਐਤਵਾਰ-ਸੋਮਵਾਰ ਰਾਤ 3.40 ਤਕ ਫਿਰੋਜਪੁਰ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਫ਼ਿਲਹਾਲ ਹਰੀਕੇ ਹੈੱਡ ਵਰਕਸ ਵਿਖੇ ਜਲਸਤਰ 70,000 ਕਿਊਸਿਕ ਹੈ, ਜੋਕਿ ਅੱਜ ਰਾਤ ਵਧ ਕੇ 1,50,000 ਤਕ ਪੁੱਜਣ ਦੀ ਸੰਭਾਵਨਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ। ਉਨ੍ਹਾਂ ਕਿਹਾ ਕਿ ਉਪ ਮੰਡਲ ਮੈਜਿਸਟਰੇਟ ਫਿਰੋਜਪੁਰ ਅਤੇ ਜ਼ੀਰਾ ਨੂੰ ਹਾਈ ਅਲਰਟ 'ਤੇ ਰਹਿਣ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਅਤੇ ਸਿੰਚਾਈ ਅਤੇ ਨਹਿਰੀ ਵਿਭਾਗ ਦੇ ਅਫ਼ਸਰਾਂ ਨੂੰ ਨੀਵੇਂ ਇਲਾਕਿਆਂ ਵਿਚ ਰਹਿੰਦੇ ਲੋਕਾਂ ਨੂੰ ਜਲਦ ਤੋਂ ਜਲਦ ਸੁਰੱਖਿਅਤ ਥਾਵਾਂ ਤੇ ਪਹੁੰਚਾਉਣ ਲਈ ਵੀ ਕਿਹਾ ਗਿਆ ਹੈ । ਉਨ੍ਹਾਂ ਕਿਹਾ ਕਿ ਐਸ.ਡੀ.ਐਮਜ਼ ਵੱਲੋਂ ਨੀਵੇਂ ਇਲਾਕਿਆਂ ਤੋਂ ਸੁਰੱਖਿਅਤ ਥਾਵਾਂ ਤੇ ਲੋਕਾਂ ਨੂੰ ਪਹੁੰਚਾਉਣ ਲਈ ਪਹਿਲਾਂ ਹੀ ਜ਼ਿਲ੍ਹੇ ਵਿਚ ਸੁਰੱਖਿਅਤ ਥਾਵਾਂ ਦੀ ਪਹਿਚਾਣ ਕਰ ਲਈ ਗਈ ਹੈ ਅਤੇ ਇਨ੍ਹਾਂ ਥਾਵਾਂ ਤੇ ਰਿਲੀਫ ਸੈਂਟਰ ਸਥਾਪਤ ਕਿਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਾਨਵਰਾਂ ਦੇ ਲਈ ਸੁੱਕੇ ਰਾਸ਼ਨ ਦੇ ਪ੍ਰਬੰਧ ਕਰ ਲਏ ਗਏ ਹਨ ਲੋੜ ਪੈਣ ਤੇ ਮੰਡੀਆਂ ਨੂੰ ਰਾਹਤ ਕੈਂਪਾਂ ਵਿਚ ਤਬਦੀਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨੂੰ ਆਪਣੀਆਂ ਟੀਮਾਂ ਨੂੰ ਤਿਆਰ ਰੱਖਣ ਅਤੇ ਬਿਜਲੀ ਵਿਭਾਗ ਨੂੰ ਰਾਹਤ ਕੈਂਪਾਂ ਵਿਚ ਬਿਜਲੀ ਦੀ ਸਪਲਾਈ ਲਈ ਵੀ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮਦਦ ਦੀ ਘੜੀ ਵਿਚ ਲੋਕਾਂ ਦੀ ਸਹਾਇਤਾ ਵਿਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਫ਼ੌਜ, ਐਨ.ਡੀ.ਆਰ.ਐਫ ਤੇ ਐਸ.ਡੀ.ਆਰ.ਐਫ ਦੇ ਸੰਪਰਕ ਵਿੱਚ ਹੈ। ਉਨ੍ਹਾਂ ਨੇ ਇਨ੍ਹਾਂ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਤੁਰੰਤ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਅਪੀਲ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕੀ ਪੂਰੀ ਸਥਿਤੀ ਨੇ ਨਿਗਰਾਨੀ ਵਾਲੇ 24 ਘੰਟੇ ਕਮ ਕਰਨ ਵਾਲਾ ਇੱਕ ਕੰਟਰੋਲ ਰੂਮ ਵੀ ਸਥਾਪਿਤ ਕਿਤਾ ਗਿਆ ਹੈ, ਜਿੱਥੇ ਸ਼ਿਫ਼ਟਾਂ ਦੇ ਵਿਚ ਮੁਲਾਜ਼ਮ ਡਿਊਟੀ ਕਰ ਰਹੇ ਹਨ ਅਤੇ ਹਾਲਤਾਂ ਬਾਰੇ ਰਿਪੋਰਟ ਤਿਆਰ ਕਰ ਰਹੇ ਹਨ।


KARTAR FURNITURE


ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
- Collision
- Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE 30 Stafford Dr., Brampton, Tel: 905-460-1414
HEAD OFFICE: 905-874-9878 Tol Free: 1-877-799-9878, www.skydomeauto.ca

# ਭਾਰਤ ਦੇ ਆਜ਼ਾਦੀ ਦਿਵਸ ਮੌਕੇ ਸ਼ੁੱਕਰਵਾਰ ਸਵੇਰੇ ਕੌਂਸਲੇਟ ਜਨਰਲ ਦੇ ਦਫ਼ਤਰ ਵਿਖੇ, ਸ਼ਾਮ ਨੂੰ ਬਰੈਂਪਟਨ ਦੇ ਪੀਅਰਸਨ ਕੰਨਵੈਨਸ਼ਨ ਸੈਂਟਰ ਵਿਖੇ ਅਤੇ ਐਤਵਾਰ ਡਾਊਨਟਾਊਨ ਟਰੰਟੋ ਸਿਟੀ ਹਾਲ ਵਿਖੇ ਮਨਾਏ ਗਏ ਆਜ਼ਾਦੀ ਦਿਵਸ ਦੀਆਂ ਕੁਝ ਝਲਕੀਆਂ








ਤਸਵੀਰਾਂ: ਕੰਵਲਜੀਤ ਕੰਵਲ









ਤਸਵੀਰਾਂ: ਕੰਵਲਜੀਤ ਕੰਵਲ



ਤਸਵੀਰਾਂ: ਕੰਵਲਜੀਤ ਕੰਵਲ

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਸਾਖੀ ਪਿਤਾ ਕਾਲੂ ਮਹਿਤਾ ਜੀ



ਕਰਨੈਲ ਸਿੰਘ ਟੋਰਾਂਟੋ 416-746-7642

ਪ੍ਰਸ਼ਨ:- ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਜਨੀਕ ਪਿਤਾ ਜੀ ਮਹਿਤਾ ਕਾਲੂ ਜੀ ਨੇ ਪ੍ਰਸ਼ਨ ਕੀਤਾ 'ਹੇ ਨਾਨਕ! ਇਹ ਜਿਹੜੇ ਸਾਧੂ, ਸੰਤ, ਸਿੱਧ, ਪੀਰ ਸਦਾਉਂਦੇ ਹਨ, ਦੁਨੀਆਂ ਇਹਨਾਂ ਨੂੰ ਪੂਜਦੀ ਹੈ, ਇਹਨਾ ਦੇ ਸਬੰਧ ਵਿਚ ਕੁਝ ਦਸਣਾ ਕਿ ਇਹ ਸਾਰੇ ਮੁਕਤਿ ਹੋ ਜਾਣਗੇ?'

ਉੱਤਰ:- ਗੁਰੂ ਜੀ ਕਿਹਾ ਪਿਤਾ ਜੀ ਇਹ ਜਿਹੜੇ ਆਪਣੀ ਪੂਜਾ ਕਰਵਾਉਂਦੇ ਹਨ, ਜੇ ਕਰ ਇਹਨਾਂ ਦੇ ਪਾਸ ਨਾਮੁ ਸਿਮਰਨ ਦੀ ਕਮਾਈ ਨਹੀਂ ਹੈ ਤਾਂ ਧਰਮ ਰਾਜਾ ਇਹਨਾਂ ਨੂੰ ਖੁਆਰ ਕਰੇਗਾ। ਜੂਨੀਆਂ ਵਿਚ ਜਾਂ ਨਰਕਾਂ ਵਿਚ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇਵੇਗਾ, ਜਿਨ੍ਹਾਂ ਪ੍ਰੇਮੀਆਂ ਦੀ ਕਮਾਈ ਖਾਂਦੇ ਹਨ, ਉਨ੍ਹਾਂ ਨੂੰ ਦੂਸਰੇ ਜਨਮਾਂ ਵਿਚ ਖਾਧੀ ਪੂਜਾ ਦਾ ਲੇਖਾ ਦੇਣਗੇ ਅਤੇ ਕੱਚੇ ਗੁਰੂ ਦੇ ਪਿਛੇ ਲੱਗਣ ਵਾਲਿਆਂ ਨੂੰ ਵੀ ਆਪਣੀ ਸੇਵਾ, ਭਗਤੀ, ਦਾਨ ਆਦਿਕ ਲੈਣ ਲਈ ਅਧੂਰੇ ਦੰਭੀ ਪਾਖੰਡੀ ਗੁਰੂ ਦੇ ਨਾਲ ਹੀ ਜੂਨੀਆਂ ਵਿਚ ਆਉਣਾ ਪਵੇਗਾ, ਦਾਨ ਪੂਰਿਆਂ ਗੁਰਾਂ ਨੂੰ ਦੇਣਾ ਚਾਹੀਦਾ ਹੈ।

ਸ੍ਰੀ ਰਾਗ ਮਹਲ ੧ ਪੰਨਾ ੧੭

ਰਹਾਉ॥ ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ॥ ਜਾਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ॥੨॥

ਭਾਵ:- ਪੂਜਾ ਕਰਾਉਂਦੇ ਹਨ, ਲੋਕੀ ਪੀਰ ਜੀ ਕਹਿੰਦੇ ਹਨ ਜਾਂ ਸੰਤ ਜੀ ਸੁਆਮੀ ਜੀ, ਸਾਰਾ ਸੰਸਾਰ ਇਹਨਾਂ ਨੂੰ ਮਿਲਦਾ ਹੈ ਤੇ ਭੇਟਾਵਾਂ ਅਰਪਨ ਕਰਦਾ ਹੈ। ਲੋਕਾਂ ਵਿਚ ਆਪਣਾ ਨਾਉ ਸਦਾਉਂਦਾ ਹੈ। ਵੱਡਾ ਸਿੱਧ ਬਣਕੇ ਬੈਠਦਾ ਹੈ। ਅਗਰ ਇਹ ਪ੍ਰਭੂ ਦੀ ਕਸਵੱਟੀ 'ਤੇ ਪੂਰਾ ਨਾ ਉਤਰਿਆ, ਇਸਦੀ ਪਤਿ ਵਾਹਿਗੁਰੂ ਦੀ ਪ੍ਰੀਖਿਆ ਵਿਚ ਪੂਰੀ ਨਹੀਂ ਉਤਰੀ ਤਾਂ ਇਹਨਾਂ ਅਧੂਰਿਆਂ ਗੁਰੂਆਂ, ਪੀਰਾਂ, ਸਾਧਾਂ ਨੂੰ ਲੋਕਾਂ ਨੂੰ ਪਾਖੰਡ ਦਿਖਾਕੇ ਕਰਾਈ ਪੂਜਾ ਇਹਨਾਂ ਨੂੰ ਖੁਆਰ ਕਰੇਗੀ।

ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ॥੨॥

(ਪੰਨਾ ੧੭)

ਤਥਾ:- ਮਹਲਾ ੫॥

ਜੋ ਡੁਬੰਦੋ ਆਪਿ, ਸੋ ਤਰਾਏ ਕਿਨ੍ਹ ਖੇ॥

ਤਾਰੇ ਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ॥੧॥

(ਪੰਨਾ ੧੧੦੧)

ਅਰਥ:- ਜੋ ਪੱਥਰ ਆਪ ਡੁੱਬ ਜਾਂਦਾ ਹੈ ਉਹ ਹੋਰ ਕਿਸੇ ਨੂੰ ਕਿਵੇਂ ਤਾਰ ਸਕਦਾ ਹੈ, ਭਾਵ ਅਗਿਆਨੀ ਕਿਸੇ ਨੂੰ ਨਹੀਂ ਤਾਰ ਸਕਦਾ ਗਿਆਨੀ ਹੀ ਤਾਰੇਗਾ। ਜੋ ਆਪਣੇ ਪਿਰ=ਪਤੀ=ਪਰਮਾਤਮਾ ਦੇ ਪ੍ਰੇਮ ਵਿਚ ਰਤਿਆ ਹੈ ਰੰਗਿਆ ਹੈ ਨਾਮੁ ਵਿਚ ਉਹ ਆਪ ਤਰ ਜਾਏਗਾ। ਦੂਜਿਆਂ ਭਾਵ ਉਸਦੀ ਸੰਗਤ ਕਰਨ ਵਾਲਿਆਂ ਨੂੰ ਵੀ ਤਾਰ ਕੇ ਲੈ ਜਾਵੇਗਾ। ਤਾਰੂ ਹੀ ਦੂਜਿਆਂ ਨੂੰ ਤਾਰੇਗਾ। ਜਗਦੇ ਚਿਰਾਗ ਬੁਝੇ ਹੋਏ ਚਿਰਾਗ ਨੂੰ ਰੌਸ਼ਨ ਕਰ ਸਕਦੇ ਨੇ, ਬੁਝੇ ਹੋਏ ਚਿਰਾਗ ਕਿਸੇ ਨੂੰ ਰੌਸ਼ਨ ਨਹੀਂ ਕਰ ਸਕਦੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਸ ਵੇਲੇ ਧਮਧਾਨ ਸਾਹਿਬ ਗਏ ਗੁਰਦੁਆਰਾ ਹੈ ਜਿਥੇ ਅੱਜ ਕਲ ਹਰਿਆਣੇ ਵਿਚ ਇਕ ਦਿਨ ਇਕ ਸੱਪ ਨੂੰ ਬਹੁਤ ਸਾਰੀਆਂ ਕੀੜੀਆਂ ਖਾ ਰਹੀਆਂ ਸਨ, ਸੱਪ ਬੜਾ ਕਸ਼ਟ ਉਠਾ ਰਿਹਾ ਸੀ। ਸਤਿਗੁਰੂ ਤੇਗ ਬਹਾਦਰ ਸੱਪ ਦੀ ਇਹ ਹਾਲਤ ਦੇਖ ਕੇ ਹੱਸ ਪਏ, ਸਿੱਖਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਇਹ ਸੱਪ ਬੜਾ ਦੁਖੀ ਹੈ, ਇਸਨੂੰ ਕੀੜੀਆਂ ਖਾ ਰਹੀਆਂ ਹਨ ਆਪ ਜੀ ਇਸ ਨੂੰ ਦੇਖ ਕੇ ਹੱਸੇ ਹੋ। ਇਸ ਦਾ ਕਾਰਣ ਕੀ ਹੈ? ਕ੍ਰਿਪਾ ਕਰਕੇ ਸਾਡੀ ਸ਼ੰਕਾ ਨਿਰਵਤ ਕਰੋ ਜੀ। ਸੱਚੇ ਪਾਤਸ਼ਾਹ ਸਤਿਗੁਰੂ ਜੀ ਕਿਹਾ ਇਹ ਸੱਪ ਇਕ ਡੇਰੇ ਦਾ ਮਹੰਤ ਸੀ। ਇਸ ਦੇ ਚੇਲੇ ਚਾਟੜੇ ਬਹੁਤ ਸਨ ਪਰ ਇਸਦੇ ਪਾਸ ਪੂਰੇ ਸਾਧੂ ਵਾਲੀ ਜੁਗਤੀ ਨਹੀਂ ਸੀ। ਸਿਰਫ ਇਕ ਢੋਂਗ ਰਚਕੇ ਪੂਜਾ ਕਰਾਂਦਾ ਸੀ। ਭੇਟਾ ਲੈ ਕੇ ਐਸ਼ੋ ਇਸ਼ਰਤ ਕਰਦਾ ਸੀ। ਇਸ ਨਾਮੁ ਤੋਂ ਹੀਣੇ ਪਾਖੰਡੀ ਸਾਧੂ ਨੂੰ ਸੱਪ ਦੀ ਜੂਨੀ ਮਿਲੀ ਅਤੇ ਕੱਚੇ ਗੁਰੂ ਦੇ ਚੇਲਿਆਂ ਸਿੱਖਾਂ ਸੇਵਕਾਂ ਨੂੰ ਕੀੜੀਆਂ ਦੀ ਜੂਨੀ ਵਿਚ ਇਸ ਪਾਸੋਂ ਆਪਣੀ ਕੀਤੀ ਹੋਈ ਸੇਵਾ ਦਾਨ ਪੁੰਨ ਦਿਤੇ ਹੋਏ ਦਾ ਲੇਖਾ ਇਸ ਦਾ ਜਿਉਂਦੇ ਦਾ ਮਾਸ ਖਾਕੇ ਲੈਣਾ ਪਿਆ। ਸਿੱਖਾਂ ਕਿਹਾ ਧੰਨ ਹੋ ਸੱਚੇ ਪਾਤਿਸ਼ਾਹ।

ਨਾਮ ਦੀ ਕਮਾਈ ਸਭ ਕਰਮਾਂ ਤੋਂ ਸ੍ਰੇਸ਼ਟ ਹੈ।

ਇਕ ਸੇਠ ਟੋਡਰਪੁਰ ਵਿਚ ਰਹਿੰਦਾ ਸੀ, ਇਕ ਦਫਾ ਕਿਸੇ ਭਿਆਨਕ ਰੋਗ ਨੇ ਘੇਰ ਲਿਆ। ਅਤੀ ਸੂਮ ਪੁਰਖ ਸੀ ਕਦੇ ਕੋਈ ਦਾਨ ਪੁੰਨ ਜਾਂ ਕੋਈ ਹੋਰ ਸ਼ੁਭ ਕਰਮ ਨਹੀਂ ਸੀ ਕੀਤਾ। ਅਤੀ ਨਾਸਤਕ ਪੁਰਖ ਸੀ। ਦੁੱਖ ਦਾ ਮਾਰਿਆ ਪੰਡਿਤਾਂ ਪਾਸ ਜਾਂਦਾ ਹੈ। ਪੰਡਿਤ ਜੀ ਮੈਂ ਅੱਤ ਦਾ ਦੁਖੀ ਹਾਂ ਮੇਰੇ 'ਤੇ ਕ੍ਰਿਪਾ ਕਰੋ ਕੋਈ ਉਪਾਅ ਦਸੋ ਜੀ ਜੋ ਆਪ ਹੁਕਮ ਕਰੋਗੇ ਮੈਂ ਸੋਈ ਕਰਾਂਗਾ। ਮੇਰਾ ਦੁਖ ਨਿਵਰਤ ਕਰੋ ਜੀ, ਪੰਡਿਤਾਂ ਨੇ ਮਤਾ ਪਕਾਇਆ ਕਿ ਸੇਠ ਨੇ ਕਦੀ ਵੀ ਪੰਡਤਾਂ ਨੂੰ ਦਾਨ ਨਹੀਂ ਦਿਤਾ, ਇਹ ਵੱਡਾ ਨਾਸਤਕ ਅਤੇ ਸੂਮ ਹੈ, ਅੱਜ ਇਹ ਸਾਡੇ ਪਾਸ ਦੁਖੀ ਹੋ ਕੇ ਆਇਆ ਹੈ, ਪੰਡਿਤਾਂ ਨੇ ਕਿਹਾ ਸੇਠ ਜੀ ਆਪ ਟੋਡਰਪੁਰ ਵਿਚ ਰਹਿਣ ਵਾਲੇ ਸਾਰੇ ਪੰਡਿਤਾਂ ਅਤੇ ਸਾਧੂਆਂ ਸੰਤਾਂ ਨੂੰ ਸੋਨਾ ਦਾਨ ਦਿਉ ਤੁਹਾਡਾ ਦੁੱਖ ਦੂਰ ਹੋ ਜਾਵੇਗਾ। ਕਹਿੰਦੇ ਹਨ ਕਿ ਮਰਦਾ ਕੀ ਨਹੀਂ ਕਰਦਾ ਸੇਠ ਨੇ ਦੋਵੇਂ ਹੱਥ ਜੋੜ ਕੇ ਕਿਹਾ ਸਤ ਬਚਨ ਜੀ। ਸੁਨਿਆਰੇ ਨੂੰ ਸੋਨਾ ਦਿਤਾ ਕਿ ਇਸ ਦੀਆਂ ਛੋਟੇ ਪੀਸ ਡਲੀਆਂ ਬਣਾ ਦੇ। ਡਲੀਆਂ ਬਣਾ ਕੇ ਸਾਰੇ ਪੰਡਿਤਾਂ ਅਤੇ ਸਾਧੂਆਂ ਸੰਤਾਂ ਤਾਈਂ ਦਾਨ ਕੀਤੀਆਂ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਸੁਆਮੀ ਜੀ ਕੋਈ ਹੋਰ ਰਹਿੰਦਾ ਹੋਵੇ ਤਾਂ ਦੱਸਣਾ ਕਰੋ ਦਾਸ ਹਾਜ਼ਰ ਹੈ। ਪੰਡਿਤਾਂ ਕਿਹਾ ਹੋਰ ਤਾਂ ਸਾਰੇ ਸਾਧੂ ਸੰਤ ਪੰਡਿਤ ਅਸੀਂ ਏਥੇ ਬੁਲਾ ਲਏ ਸਨ ਪਰ ਇਕ ਸੰਤ ਉਥੇ ਰਹਿੰਦਾ ਹੈ। ਤੁਸੀਂ ਉਹਨਾਂ ਦੇ ਪਾਸ ਚਲਕੇ ਜਾਉ ਸੋਨਾ ਦਾਨ ਦਿਉ। ਉਨ੍ਹਾਂ ਦਾ ਨਾਮ ਭਗਤ ਨਾਮਦੇਵ ਜੀ ਹੈ। ਪ੍ਰਭੂ ਦਾ ਭਜਨ ਕਰਦੇ ਹਨ। ਸੇਠ ਜੀ ਨੇ ਭਗਤ ਜੀ ਨੂੰ ਜਾ ਕੇ ਪ੍ਰਣਾਮ ਕੀਤੀ। ਸੁਆਮੀ ਜੀ ਮੇਰਾ ਕਸ਼ਟ ਨਿਵਿਰਤ ਕਰੋ, ਮੈਂ ਬੜਾ ਦੁਖੀ ਹਾਂ। ਨਾਮਦੇਵ ਜੀ ਕਿਹਾ ਸੋਨਾ ਸਾਡੇ ਕੰਮ ਨਹੀਂ ਆਉਂਦਾ ਕੋਈ ਜ਼ਰੂਰਤ ਨਹੀਂ ਆਪਣਾ ਸੋਨਾ ਚੱਕ ਲੈ। ਤਾਂ ਸੇਠ ਨੇ ਹੋਰ ਮਿੰਨਤਾਂ ਤਰਲਾ ਕੀਤਾ, ਚਰਨਾਂ ਤੇ ਸਿਰ ਰੱਖ ਕੇ। ਭਗਤ ਨੇ ਕਿਹਾ ਜੇ ਤੈਂ ਦੇਣਾ ਹੀ ਹੈ ਤਾਂ ਇਕ ਤੁਲਸੀ ਦਾ ਪੱਤਾ ਤੱਕੜ ਵਿਚ ਰੱਖ ਕੇ ਤੁਲਸੀ ਦੇ ਪੱਤੇ ਦੇ ਬਰਾਬਰ ਤੋਲ ਕੇ ਦੇ। ਸੇਠ ਨੇ ਤੱਕੜ ਮੰਗਾ ਲਿਆ ਅਤੇ ਤੁਲਸੀ ਦਾ ਪੱਤਾ ਮੰਗਾ ਲਿਆ। ਨਾਮ ਦੇਵ ਜੀ ਨੇ ਤੁਲਸੀ ਦੇ ਪੱਤੇ ਤੇ ਰਾਮ-ਨਾਮੁ ਲਿਖ ਦਿਤਾ। ਸੇਠ ਨੇ ਸੋਨਾ ਪਾਇਆ ਤੇ ਰਾਮ ਸ਼ਬਦ ਤੁਲਸੀ ਦੇ ਪੱਤੇ ਵਾਲਾ ਪਾਸਾ ਭਾਰਾ ਰਿਹਾ ਸੇਠ ਨੇ ਹੋਰ ਸੋਨਾ ਪਾ ਦਿਤਾ ਤਾਂ ਵੀ ਤੱਕੜ ਨਾ ਉਠਿਆ, ਘਰੋਂ ਹੋਰ ਬਹੁਤ ਸਾਰਾ ਸੋਨਾ ਮੰਗਾ ਮੰਗਾ ਕੇ ਪਾਇਆ ਤਾਂ ਵੀ ਤੱਕੜ ਨਾ ਉਠਿਆ। ਸੇਠ ਦਾ ਹੰਕਾਰ ਟੁੱਟ ਗਿਆ। ਚਰਨਾਂ ਵਿਚ ਢਹਿ ਕੇ ਜ਼ਾਰੋ ਜ਼ਾਰ ਰੋਇਆ। ਭਗਤ ਜੀ ਨੇ ਕਿਹਾ ਸੇਠ ਜੀ ਸਾਰੇ ਕਿਸਮ ਦੇ ਦਾਨ ਪੁੰਨ ਅਤੇ ਸ਼ੁਭ ਕਰਮਾਂ ਨਾਲੋਂ ਰਾਮ-ਨਾਮੁ ਸ੍ਰੇਸ਼ਟ ਹੈ। ਨਾਮ ਦੇਵ ਜੀ ਨੇ ਸ਼ਬਦ ਉਚਾਰਨ ਕੀਤਾ।

ਰਾਮਕਲੀ ਘਰੁ ੨

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥  
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥੧॥  
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥  
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ ਰਹਾਉ॥  
ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ  
ਗੋਮਤੀ ਸਹਸ ਗਊ ਦਾਨੁ ਕੀਜੈ॥ ਕੋਟਿ ਜਉ ਤੀਰਥ ਕਰੈ ਤਨੁ  
ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ॥੨॥  
ਅਸੁ ਦਾਨ ਗਜ ਦਾਨ ਸਹਿਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥  
ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥੩॥  
ਮਨਹਿਨ ਕੀਜੈ ਰੋਸੁ ਜਮਹਿਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹ ਲੀਜੈ॥  
ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥  
(ਪੰਨਾ ੯੭੩)

ਅਰਥ:- ਭਗਤ ਜੀ ਨੇ ਇਹ ਸ਼ਬਦ ਸੁਣਾ ਕੇ ਸੇਠ ਦਾ ਧਨ ਦੋਲਤ ਵਾਲਾ ਹੰਕਾਰ ਦੂਰ ਕੀਤਾ ਅਤੇ ਉਪਦੇਸ਼ ਦਿਤਾ। ਕਿਹਾ ਰਾਮ ਰਾਮ ਦਾ ਸਿਮਰਨ ਕਰ।

ਤਥਾਂ:- ਸਰਬ ਰੋਗ ਕਾ ਅਉਖਦੁ ਨਾਮੁ॥

(ਪੰਨਾ ੨੭੪)

ਤਥਾ:- ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦੵੰ ਮਹਾ ਬਿਖੵਾਦੰ॥ ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥੧੯॥

(ਪੰਨਾ ੧੩੫੪)

ਅਰਥ:- ਕਿਸੇ ਪੁਰਖ ਨੂੰ ਬੜੇ ਭਿਆਨਕ ਦੁੱਖ ਲਗੇ ਹੋਣ, ਘੋਰ=ਦੁਖ=ਬ੍ਰਹਮ ਗਿਆਨੀ ਦਾ ਮਾਰਨਾ=ਗਊ ਦਾ ਮਾਰਨਾ ਲੜਕੀ ਦਾ ਮਾਰਨਾ ਆਦਿਕ ਦੋਸ਼ ਲਗੇ ਹੋਣ ਅਤੇ ਗਰੀਬੀ ਵੀ ਜਨਮ ਤੋਂ ਲੈ ਕੇ ਚਲਦੀ ਹੋਵੇ ਅਤੇ ਮਹਾਬਿਖਾਦੰ=ਬੇਅੰਤ ਝਗੜਿਆਂ ਵਿਚ ਗ੍ਰਸਿਆ ਹੋਵੇ। ਮਿਟੰਤ ਸਗਲ ਸਿਮਰੰਤ=ਇਹ ਸਾਰੇ ਦੇ ਸਾਰੇ ਉਪਦ੍ਰਵ ਇਕ ਹਰੀ ਦੇ ਨਾਮ ਕਰਕੇ ਇਸ ਤਰ੍ਹਾਂ ਮਿਟ ਜਾਂਦੇ ਹਨ, ਜਿਸ ਤਰ੍ਹਾਂ ਬਹੁਤ ਸਾਰੀਆਂ ਲਕੜਾਂ ਨੂੰ ਇਕ ਚੰਗਿਆੜਾ ਅਗਨੀ ਭਸਮ ਕਰ ਦਿੰਦੀ ਹੈ। ਸਤਿਗੁਰੂ ਕਥਨ ਕਰਦੇ ਹਨ ਇਸੇ ਤਰ੍ਹਾਂ ਪਾਪਾਂ ਨੂੰ ਅਤੇ ਦੁੱਖਾਂ ਦਲਿਦ੍ਰਾਂ ਨੂੰ ਸਾੜਨ ਲਈ ਗੁਰੂ ਧਾਰਨ ਕਰਕੇ ਨਾਮੁ ਦੀ ਪ੍ਰਾਪਤੀ ਕਰੋ ਅਤੇ ਦਿਨ ਰਾਤ ਸਾਸ ਸਾਸ ਸਿਮਰਨ ਕਰੋ। ਸਭ ਸੜ ਜਾਣਗੇ ਅਤੇ ਨਾਮ ਰੂਪੀ ਦੀਵਾ ਜਗ ਜਾਏਗਾ ਆਨੰਦ ਹੀ ਆਨੰਦ ਹੈ।

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਕਿਸਾਨੀ ਜਨ ਜੀਵਨ ਦੀ ਮਹਿਕ

-ਸੁਖਦੇਵ ਮਾਦਪੁਰੀ-

ਇਤਿਹਾਸ ਦੀਆਂ ਪੈੜਾਂ ਪੰਜਾਬ ਦੇ ਜੱਟਾਂ ਨੂੰ ਆਰੀਆ ਨਸਲ ਨਾਲ ਜਾ ਜੋੜਦੀਆਂ ਹਨ। ਇਹ ਆਰੀਆ ਨਸਲ ਦੇ ਇੰਡੋ-ਸਿੱਥੀਅਨ ਘਰਾਣੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਮੋਢੀ ਵਸਨੀਕ ਹੋਣ ਦਾ ਮਾਣ ਪ੍ਰਾਪਤ ਹੈ। ਜੱਟ ਪੰਜਾਬ ਦੀ ਸਿਰਮੌਰ ਜਾਤੀ ਹੈ। ਇਨ੍ਹਾਂ ਦੀ ਸਰੀਰਿਕ ਬਣਤਰ, ਨਰੋਆ ਅਤੇ ਤਕੜਾ ਸਰੀਰ, ਗੇਲੀਆਂ ਵਾਂਗ ਜਿਸਮ, ਪਹਾੜਾਂ ਵਰਗਾ ਬੁਲੰਦ ਹੌਸਲਾ, ਦਰਿਆਵਾਂ ਵਰਗੀ ਦਰਿਆਦਿਲੀ, ਸੂਰਮਤਾਈ, ਨਿਡਰਤਾ, ਮਿਹਨਤੀ ਤੇ ਖਾੜਕੂ ਸੁਭਾਅ ਇਨ੍ਹਾਂ ਦੀ ਵਿਲੱਖਣ ਪਛਾਣ ਹੈ। ਇਹ ਨਾ ਕੁਦਰਤੀ ਆਫਤਾਂ ਤੋਂ ਘਬਰਾਉਂਦੇ ਹਨ ਤੇ ਨਾ ਸਮਾਜਿਕ ਵਰਤਾਰਿਆਂ ਤੋਂ। ਇਨ੍ਹਾਂ ਦੀਆਂ ਔਰਤਾਂ ਵੀ ਮਨ ਮੋਹਣੀਆਂ ਹਨ, ਜੋ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਵਾਲੀਆਂ ਹਨ।

ਪੰਜਾਬ ਦੇ ਜੱਟ ਭਿੰਨ-ਭਿੰਨ ਕਬੀਲਿਆਂ ਦਾ ਮਿਲਿਆ ਜੁਲਿਆ ਭਾਈਚਾਰਾ ਹੈ। ਜੱਟਾਂ, ਗੁੱਜਰਾਂ, ਰਾਜਪੂਤਾਂ ਅਤੇ ਸੈਣੀਆਂ ਦੇ ਗੋਤ ਸਾਂਝੇ ਹਨ, ਰਸਮ ਰਿਵਾਜ ਸਾਂਝੇ ਹਨ। ਮੰਨਤਾ ਮਨੌਤਾਂ ਸਾਂਝੀਆਂ ਹਨ। ਜੱਟ ਵੱਖ-ਵੱਖ ਧਰਮਾਂ ਵਿੱਚ ਵੰਡੇ ਹੋਏ ਹਨ। ਸਿੱਖ, ਹਿੰਦੂ, ਮੁਸਲਮਾਨ ਤੇ ਬਿਸ਼ਨੋਈ ਜੱਟ ਆਦਿ, ਪਰ ਇਨ੍ਹਾਂ ਦਾ ਖ਼ੂਨ ਸਾਂਝਾ ਹੈ ਤੇ ਸੱਭਿਆਚਾਰ ਵੀ ਸਾਂਝਾ ਹੈ। ਪੰਜਾਬ ਦਾ ਜੱਟ ਕਦੀ ਵੀ ਕੱਟੜ ਧਰਮੀ ਤੇ ਕੱਟੜ ਪੰਥੀ ਨਹੀਂ ਰਿਹਾ। ਉਹ ਸਾਰੇ ਧਰਮਾਂ ਨੂੰ ਸਤਿਕਾਰਦਾ ਹੈ। ਅੱਜ ਵੀ ਪੰਜਾਬ ਦੇ ਜੱਟ ਸਿੱਖ ਨੈਣਾਂ ਦੇਵੀ ਦੇ ਚਾਲੇ ਉਤੇ ਜਾਂਦੇ ਹਨ, ਹਰਿਦੁਆਰ ਆਪਣੇ ਵਡੇਰਿਆਂ ਦੇ ਫੁੱਲ ਜਲ ਪ੍ਰਵਾਹ ਕਰਦੇ ਹਨ, ਪਹੋਏ ਗਤੀ ਕਰਾਉਂਦੇ ਹਨ, ਮੁਸਲਮਾਨ ਪੀਰਾਂ ਫਕੀਰਾਂ ਦੀਆਂ ਦਰਗਾਹਾਂ ਉਤੇ ਜ਼ਿਆਰਤਾਂ ਕਰਦੇ ਹਨ, ਆਨੰਦਪੁਰ ਸਾਹਿਬ ਦਾ ਹੋਲਾ ਮਹੱਲਾ, ਅੰਮ੍ਰਿਤਸਰ ਦੀ ਵਿਸਾਖੀ, ਫਤਿਹਗੜ੍ਹ ਸਾਹਿਬ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਅਤੇ ਮੁਕਤਸਰ ਦੀ ਮਾਘੀ ਆਦਿ ਇਨ੍ਹਾਂ ਦੇ ਤੀਰਥ ਅਸਥਾਨ ਹਨ।

ਪੰਜਾਬ ਦੇ ਜੱਟਾਂ ਦਾ ਮੁੱਢਲਾ ਜੀਵਨ ਜ਼ੋਖਮ ਭਰਪੂਰ ਸੀ। ਅਨੇਕਾਂ ਸਦੀਆਂ ਪਹਿਲਾਂ ਉਹ ਦਰਿਆਵਾਂ ਦੇ ਕੰਢਿਆਂ 'ਤੇ ਫਿਰਤੂ ਕਬੀਲਿਆਂ ਦੇ ਰੂਪ ਵਿੱਚ ਰਹਿੰਦੇ ਸਨ। ਪਸ਼ੂ ਪਾਲਣੇ ਤੇ ਖੇਤੀ ਇਨ੍ਹਾਂ ਦਾ ਮੁੱਖ ਧੰਦਾ ਸੀ। ਇਨ੍ਹਾਂ ਜੱਟਾਂ ਨੇ ਸਖਤ ਮਿਹਨਤ ਨਾਲ ਜੰਗਲਾਂ ਬੇਲਿਆਂ ਨੂੰ ਸਾਫ ਕਰਕੇ ਜ਼ਮੀਨਾਂ ਵਾਹੀ ਯੋਗ ਬਣਾਈਆਂ ਤੇ ਪੱਕੇ ਤੌਰ 'ਤੇ ਨਿੱਕੇ-ਨਿੱਕੇ ਪਿੰਡ ਵਸਾ ਕੇ ਉਹ ਜ਼ਮੀਨਾਂ ਤੇ ਪਿੰਡਾਂ ਦੇ ਮਾਲਕ ਬਣ ਗਏ। ਗਿਆਰਵੀਂ ਸਦੀ ਦੇ ਆਰੰਭ ਤੱਕ ਉਹ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿੱਚ ਫੈਲ ਚੁੱਕੇ ਸਨ। ਰਿਗਵੇਦ, ਮਹਾਂਭਾਰਤ ਅਤੇ ਪੁਰਾਣ ਇਨ੍ਹਾਂ ਦੇ ਪੰਜਾਬ ਵਿੱਚ ਆਬਾਦ ਹੋਣ ਦੀ ਸ਼ਾਹਦੀ ਭਰਦੇ ਹਨ।

ਪੰਜਾਬੀ ਜੱਟਾਂ ਨੇ ਬੜੀ ਮਿਹਨਤ ਨਾਲ ਜ਼ਮੀਨਾਂ ਆਬਾਦ ਕੀਤੀਆਂ, ਪਿੰਡ ਵਸਾਏ ਸਨ, ਇਸ ਲਈ ਇਨ੍ਹਾਂ ਦੇ ਰੋਮ-ਰੋਮ ਵਿੱਚ ਆਪਣੀ ਮਿੱਟੀ ਦਾ ਮੋਹ ਰਮਿਆ ਹੋਇਆ ਹੈ। ਉਹ ਆਪਣੀ ਮਿੱਟੀ ਦੇ ਕਣ-ਕਣ ਨੂੰ ਪਿਆਰ ਕਰਦੇ ਹਨ। ਇਹ ਜੱਟ ਹੀ ਸਨ, ਜਿਨ੍ਹਾਂ ਨੇ ਵਿਦੇਸ਼ੀ ਜਰਵਾਣਿਆਂ ਸਿਕੰਦਰ, ਤੈਮੂਰਲੰਗ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਮਹਮੂਦ ਗਜ਼ਨਵੀ ਤੇ ਮੁਹੰਮਦ ਗੌਰੀ ਆਦਿ ਹਮਲਾਵਰਾਂ ਦਾ ਮੁਕਾਬਲਾ ਕਰਕੇ ਉਨ੍ਹਾਂ ਦੇ ਛੱਕੇ ਛੁਡਾਏ ਸਨ।

ਆਦਿ ਕਾਲ ਤੋਂ ਕਿਸਾਨੀ ਜੀਵਨ ਪੰਜਾਬੀਆਂ ਦੀ ਪ੍ਰਮੁੱਖ ਜੀਵਨ ਧਾਰਾ ਰਹੀ ਹੈ ਤੇ ਪਿੰਡ ਇਕ ਸੰਪੂਰਨ ਇਕਾਈ ਦੇ ਰੂਪ ਵਿੱਚ ਵਿਕਸਤ ਹੋ ਚੁੱਕਾ ਸੀ। ਜੱਟ ਜ਼ਮੀਨਾਂ ਦੇ ਮਾਲਕ ਸਨ ਤੇ ਹੋਰ ਉਪ ਜਾਤੀਆਂ ਇਨ੍ਹਾਂ ਦੇ ਸਹਿਯੋਗੀ ਦੇ ਰੂਪ ਵਿੱਚ ਵਿਚਰ ਰਹੀਆਂ ਸਨ। ਲੋਕਾਂ ਦੀਆਂ ਜੀਵਨ ਲੋੜਾਂ ਥੋੜ੍ਹੀਆਂ ਸਨ। ਹਰ ਲੋੜ ਪਿੰਡ ਵਿੱਚ ਹੀ ਪ੍ਰਾਪਤ ਹੋ ਜਾਂਦੀ ਸੀ। ਜੱਟ ਜ਼ਿਮੀਂਦਾਰ ਫਸਲਾਂ ਉਗਾਉਂਦੇ ਸਨ, ਤਰਖਾਣ, ਲੁਹਾਰ, ਝਿਊਰ, ਪ੍ਰੋਹਤ, ਤੇਲੀ, ਡੂਮ, ਬਾਜ਼ੀਗਰ ਆਦਿ ਉਪ ਜਾਤਾਂ ਇਨ੍ਹਾਂ ਦੀ ਖੇਤੀ ਅਤੇ ਸਮਾਜਿਕ ਕਾਰਜਾਂ ਵਿੱਚ ਮਦਦਗਾਰ ਹੁੰਦੀਆਂ ਸਨ। ਇਨ੍ਹਾਂ ਨੂੰ ਸੇਪੀ ਆਖਦੇ ਸਨ। ਇਸ ਮਦਦ ਦੇ ਬਦਲੇ ਵਿੱਚ ਜੱਟ ਕਿਸਾਨ ਇਨ੍ਹਾਂ ਨੂੰ ਹਾੜ੍ਹੀ ਸਾਉਣੀ ਆਪਣੀ ਫਸਲ ਤੋਂ ਪ੍ਰਾਪਤ ਹੋਈ ਜਿਣਸ ਵਿੱਚ ਬੰਨ੍ਹਵਾਂ ਹਿੱਸਾ ਸੇਪ ਦੇ ਰੂਪ ਵਿੱਚ ਦਿੰਦਾ ਸੀ। ਨਕਦ ਪੈਸੇ ਦੇਣ ਦਾ ਰਿਵਾਜ ਨਹੀਂ ਸੀ। ਹਰ ਹਲ ਦੀ ਖੇਤੀ ਅਨੁਸਾਰ ਹਰ ਉਪਜਾਤੀ ਲਈ ਦਾਣਿਆਂ ਦੀ ਮਾਤਰਾ ਬੰਨ੍ਹੀ ਹੋਈ ਸੀ, ਜਿਵੇਂ ਇਕ ਹਲ ਦੀ ਖੇਤੀ ਕਰਨ ਵਾਲਾ ਕਿਸਾਨ ਤਰਖਾਣ ਨੂੰ ਦੋ ਮਣ ਦਾਣੇ, ਦੋ ਹਲਾਂ ਵਾਲਾ ਚਾਰ ਮਣ ਦਾਣੇ ਹਾੜ੍ਹੀ ਸਾਉਣੀ ਦਿੰਦਾ ਸੀ। ਤਰਖਾਣ ਲੱਕੜੀ ਦਾ ਕੰਮ ਕਰਦੇ ਸਨ, ਲੁਹਾਰ ਲੋਹੇ ਦੇ ਸੰਦ ਬਣਾਉਂਦੇ, ਘੁਮਾਰ ਭਾਂਡੇ ਤੇ ਘੜੇ ਆਦਿ ਪੱਥਦੇ ਸਨ। ਛੀਬੇ ਕੱਪੜੇ ਲੀੜੇ ਸਿਉਂਦੇ ਸਨ ਅਤੇ ਝਿਊਰ ਘਰਾਂ ਵਿੱਚ ਜਾ ਕੇ ਪਾਣੀ ਭਰਦੇ ਸਨ। ਪਿੰਡ ਦਾ ਪ੍ਰੋਹਤ ਪਿੰਡ ਦਾ ਹਟਵਾਣੀਆਂ ਸੀ ਤੇ ਨਾਲ ਦਵਾਈ ਬੂਟੀ ਦਾ ਆਹੁੜ ਪੁਹੜ ਕਰਨ ਵਾਲਾ ਹਕੀਮ। ਤੇਲੀ ਕੋਹਲੂ ਨਾਲ ਤੇਲ ਕੱਢਦੇ ਸਨ। ਨਾਈ ਵਿਆਹ ਸ਼ਾਦੀਆਂ ਸਮੇਂ ਰਿਸ਼ਤੇਦਾਰੀਆਂ ਵਿੱਚ ਗੱਠਾਂ ਦੇਣ ਜਾਂਦੇ ਸਨ।



ਹਰੇ ਇਨਕਲਾਬ ਤੋਂ ਪਹਿਲਾਂ ਹਾੜ੍ਹੀ ਦੀ ਵਢਾਈ ਸਮੇਂ ਸਾਰੇ ਪਿੰਡ ਦਾ ਹਰ ਵਾਸੀ ਸਰਗਰਮ ਹੋ ਜਾਂਦਾ ਸੀ। ਕਣਕ ਪੰਜਾਬ ਦੀ ਮੁੱਖ ਫਸਲ ਸੀ। ਕਣਕ ਦੀ ਵਾਢੀ ਸਮੇਂ ਖੇਤਾਂ ਵਿੱਚ ਰੌਣਕਾਂ ਲੱਗ ਜਾਣੀਆਂ, ਵਾਢੀਆਂ ਨੇ ਲਲਕਾਰੇ ਮਾਰਨੇ, ਕਿਧਰੇ ਦਾਤੀਆਂ ਦੇ ਦੰਦੇ ਕੱਢਣ ਲਈ ਤਰਖਾਣ ਨੇ ਖੇਤੋਂ-ਖੇਤ ਫਿਰਨਾ, ਕਿਧਰੇ ਝਿਊਰ ਨੇ ਪਾਣੀ ਦੀ ਮਸ਼ਕ ਭਰਕੇ ਵਾਢੀ ਕਰਨ ਵਾਲਿਆਂ ਨੂੰ ਓਕ ਨਾਲ ਪਾਣੀ ਪਿਲਾਉਣਾ। ਜੇ ਕਿਸੇ ਜੱਟ ਨੇ ਹਾੜ੍ਹੀ ਵੱਢਣ ਲਈ ਆਵ੍ਤ ਲਾਈ ਹੋਣੀ ਤਾਂ ਭਰਾਈ ਨੇ ਢੋਲ 'ਤੇ ਡੱਗਾ ਮਾਰ ਕੇ ਕਣਕ ਵੱਢਦੇ ਜੱਟਾਂ ਦੇ ਹੌਸਲੇ ਬੁਲੰਦ ਕਰਨੇ। ਹਰ ਜੱਟ ਨੇ ਝਿਊਰ, ਤਰਖਾਣ, ਘੁਮਾਰ ਤੇ ਹੋਰ ਲਾਗੀ ਤੱਬੀ ਨੂੰ ਥੱਬਾ-ਥੱਬਾ ਭਰ ਕੇ ਕਣਕ ਦੇ ਲਾਣ ਦਾ ਦੇਣਾ। ਇਸ ਤਰ੍ਹਾਂ ਇਹ ਲਾਗੀ ਕਈ-ਕਈ ਭਰੀਆਂ ਰੋਜ਼ ਦੀਆਂ 'ਕੱਠੀਆਂ ਕਰ ਲੈਂਦੇ। ਇੰਜ ਉਹ ਆਪਣੇ ਟੱਬਰ ਦੇ ਗੁਜ਼ਾਰੇ ਜੋਗਾ ਸਾਲ ਭਰ ਦਾ ਅਨਾਜ 'ਕੱਠਾ ਕਰ ਲੈਂਦੇ ਸਨ।

ਸੁਖੀ ਸਾਂਦੀ ਵਸਦੇ ਪੰਜਾਬ ਦੇ ਹਰ ਪਿੰਡ ਦੀਆਂ ਖੁਸ਼ੀਆਂ ਗਮੀਆਂ ਸਾਂਝੀਆਂ ਸਨ। ਮੇਲੇ ਤਿਉਹਾਰ ਤੇ ਹੋਰ ਰਸਮੋ ਰਿਵਾਜ ਸਾਂਝੇ ਸਨ। ਹਰ ਪਾਸੇ ਮੁਹੱਬਤਾਂ ਦੀ ਲਹਿਰ ਬਹਿਰ ਸੀ। ਪੰਜਾਬ ਦਾ ਕਿਸਾਨ ਇਕ ਦਾਤੇ ਦੇ ਰੂਪ ਵਿੱਚ ਵਿਚਰ ਰਿਹਾ ਸੀ। ਮਸ਼ੀਨੀ ਸੱਭਿਅਤਾ ਦੇ ਵਿਕਾਸ ਕਾਰਨ ਪੰਜਾਬ ਦੇ ਪੇਂਡੂ ਜੀਵਨ ਵਿੱਚ ਢੇਰ ਸਾਰੀਆਂ ਤਬਦੀਲੀਆਂ ਆ ਗਈਆਂ ਹਨ। ਪੁਰਾਣਾ ਪੰਜਾਬ ਕਿਧਰੇ ਨਜ਼ਰ ਨਹੀਂ ਆ ਰਿਹਾ। ਪੰਜਾਬ ਦੇ ਪੇਂਡੂ ਲੋਕਾਂ ਦੀ ਭਾਈਚਾਰਕ ਸਾਂਝ, ਮੁਹੱਬਤਾਂ, ਲੋਕ ਨਾਚ, ਖੇਡਾਂ, ਲੋਕ ਗੀਤ, ਰਸਮੋ ਰਿਵਾਜ ਅਤੇ ਮੇਲੇ ਮੁਸਾਹਵੇ ਪੰਜਾਬੀ ਸੱਭਿਆਚਾਰ ਦੀਆਂ ਰੂੜ੍ਹੀਆਂ ਹਨ, ਇਨ੍ਹਾਂ ਵਿੱਚ ਪੰਜਾਬੀ ਸੱਭਿਆਚਾਰ ਤੇ ਲੋਕ ਸੰਸਕ੍ਰਿਤੀ ਦੇ ਅੰਸ਼ ਸਮੋਏ ਹੋਏ ਹਨ।

ਪੰਜਾਬ ਦਾ ਲੋਕ ਸਾਹਿਤ ਜੋ ਮੁੱਖ ਰੂਪ ਵਿੱਚ ਕਿਸਾਨੀ ਲੋਕ ਸਾਹਿਤ ਹੀ ਹੈ, ਜਿਹੜਾ ਪੰਜਾਬੀਆਂ ਦੇ ਮਨੋਰੰਜਨ ਦਾ ਵਿਸ਼ੇਸ਼ ਸਾਧਨ ਹੀ ਨਹੀਂ ਰਿਹਾ ਬਲਕਿ ਉਨ੍ਹਾਂ ਦੀ ਜੀਵਨ ਅਗਵਾਈ ਵੀ ਕਰਦਾ ਰਿਹਾ ਹੈ। ਇਸ ਵਿੱਚ ਕਿਸਾਨੀ ਜੀਵਨ ਦੇ ਵਿਕਾਸ ਦੀ ਵਿਥਿਆ ਵੀ ਹੈ ਤੇ ਜੀਵਨ ਝਲਕੀਆਂ ਵਿਦਮਾਨ ਹਨ। ਇਸ ਵਿੱਚ ਪੰਜਾਬ ਦੀ ਧਰਤੀ ਦੀ ਮਹਿਕ ਹੈ, ਖੁਸ਼ਬੂ ਹੈ, ਪੰਜਾਬ ਦੀ ਲੋਕ ਆਤਮਾ ਹੈ, ਰੂਹ ਹੈ। ਇਹ ਸਾਡੀ ਵਿਸਰ ਰਹੀ ਅਨਮੋਲ ਵਿਰਾਸਤ ਦਾ ਵੱਡਮੁੱਲਾ ਖਜ਼ਾਨਾ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਪੰਜਾਬ ਸਰਕਾਰ ਦਾ ਬਰਗਾੜੀ ਵਾਲੀਆਂ ਬਾਤਾਂ ਨਾਲ ਬਹੁਤੀ ਦੇਰ ਬੁੱਤਾ ਨਹੀਂ ਸਰ ਸਕਣਾ



ਜਤਿੰਦਰ ਪੰਨੂ

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਮੌਜੂਦਾ ਸਰਕਾਰ ਨੂੰ ਦੋ ਸਾਲ ਤੋਂ ਪੰਜ ਮਹੀਨੇ ਉੱਪਰ ਹੋ ਗਏ ਹਨ। ਸਿਰਫ ਇੱਕ ਮਹੀਨਾ ਲੰਘਣ ਨਾਲ ਸਰਕਾਰ ਦੀ ਮਿਆਦ ਦਾ ਅੱਧ ਪੂਰਾ ਹੋ ਜਾਵੇਗਾ ਤੇ ਇਸ ਦੇ ਨਾਲ ਹੀ ਬਾਕੀ ਰਹਿੰਦੇ ਅੱਧੇ ਸਮੇਂ ਵਾਲੇ ਦਿਨ ਕਿਰਨੇ ਸ਼ੁਰੂ ਹੋ ਜਾਣਗੇ। ਅਸੀਂ ਬਹੁਤ ਸਾਰੀਆਂ ਸਰਕਾਰਾਂ ਨੂੰ ਵੇਖਿਆ ਤੇ ਹੰਢਾਇਆ ਜਾਂ ਭੁਗਤਿਆ ਹੋਇਆ ਹੈ, ਉਨ੍ਹਾਂ ਸਭ ਦਾ ਤਜਰਬਾ ਇਹੋ ਸੀ ਕਿ ਪਹਿਲਾ ਅੱਧ ਉਨ੍ਹਾਂ ਨੇ ਪਿਛਲੀ ਸਰਕਾਰ ਦਾ ਗੁੱਡਾ ਬੰਨ੍ਹ ਕੇ ਗੁਜ਼ਾਰ ਛੱਡਿਆ ਤੇ ਲੋਕ ਸੁਣੀਂ ਜਾਂਦੇ ਸਨ, ਪਰ ਦੂਸਰਾ ਅੱਧ ਸ਼ੁਰੂ ਹੋਣ ਤੱਕ ਲੋਕ ਇਹੋ ਜਿਹੇ ਭਾਸ਼ਣਾਂ ਤੋਂ ਅਵਾਜ਼ਾਰ ਹੋਣ ਲੱਗਦੇ ਸਨ। ਇਹ ਵੇਲਾ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਾ ਸਰਕਾਰ ਉੱਤੇ ਵੀ ਆਉਂਦਾ ਪਿਆ ਹੈ ਤੇ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ, ਪਰ ਸਰਕਾਰ ਦੇ ਮੁਖੀ ਨੂੰ ਇਸ ਤਰ੍ਹਾਂ ਦੀ ਚਿੰਤਾ ਜਾਪਦੀ ਨਹੀਂ।

ਪਿਛਲੀਆਂ ਚੋਣਾਂ ਦੇ ਹਾਲਾਤ ਇਸ ਵਕਤ ਰਹੇ ਨਹੀਂ। ਓਦੋਂ ਲੋਕਾਂ ਨੂੰ ਅਕਾਲੀ-ਭਾਜਪਾ ਸਰਕਾਰ ਤੋਂ ਕਈ ਤਰ੍ਹਾਂ ਦੇ ਗਿਲੇ-ਸ਼ਿਕਵੇ ਸਨ, ਭ੍ਰਿਸ਼ਟਾਚਾਰ ਦੇ ਪੱਖੋਂ ਮੱਚੀ ਹੋਈ ਲੁੱਟ-ਖੋਹ ਦੇ ਵੀ, ਸਰਕਾਰ ਦੇ ਨਿਕੰਮੇਪਣ ਦੇ ਵੀ ਅਤੇ ਇਸ ਵੱਲੋਂ ਥਾਪੇ ਗਏ ਹਲਕਾ ਇੰਚਾਰਜਾਂ ਦੀ ਜ਼ੈਲਦਾਰੀ ਹੇਠ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਤੇ ਛੁਡਾਉਣ ਦੇ ਧੰਦੇ ਵਿੱਚੋਂ ਤਕੜੀ ਮਾਇਆ ਕਮਾਉਣ ਤੋਂ ਵੀ ਲੋਕ ਤੰਗ ਆਏ ਪਏ ਸਨ। ਸੌ ਮੁੱਦਿਆਂ ਦਾ ਮੁੱਦਾ ਉਸ ਚੋਣ ਵਿੱਚ ਬਰਗਾੜੀ ਵਿੱਚ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਤੇ ਉਸ ਤੋਂ ਬਾਅਦ ਰੋਸ ਕਰਦੇ ਸਿੱਖਾਂ ਉੱਤੇ ਪੁਲਸ ਵੱਲੋਂ ਗੋਲੀ ਚਲਾਉਣ ਅਤੇ ਇਸ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਦੀ ਲੋਕਾਂ ਨੂੰ ਮੂਰਖ ਬਣਾਉਣ ਵਾਲੀ ਤਿਕੜਮਬਾਜ਼ੀ ਦਾ ਸੀ। ਨਾਲ ਪੰਜਾਬ ਦੀ ਜਵਾਨੀ ਦੇ ਨਸ਼ੀਲੇ ਪਦਾਰਥਾਂ ਦੀ ਮਾਰ ਹੇਠ ਆਉਣ ਦਾ ਮੁੱਦਾ ਵੀ ਬਹੁਤ ਵੱਡਾ ਸੀ। ਚੋਣਾਂ ਨੇੜੇ ਆਈਆਂ ਤਾਂ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਮੁੱਦਿਆਂ ਉੱਤੇ ਲੋਕਾਂ ਕੋਲ ਸੱਚੇ ਹੋਣ ਲਈ ਬਠਿੰਡੇ ਵਿੱਚ ਵੱਡੀ ਰੈਲੀ ਕਰ ਕੇ ਤਾਕਤ ਦਾ ਪ੍ਰਗਟਾਵਾ ਕੀਤਾ ਸੀ ਤੇ ਇਸ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਓਸੇ ਥਾਂ ਉਸ ਨਾਲੋਂ ਵੱਡੀ ਰੈਲੀ ਕੀਤੀ ਤੇ ਅਗਲੀ ਚੋਣ ਮੁਹਿੰਮ ਸ਼ੁਰੂ ਕੀਤੀ ਸੀ। ਓਥੇ ਕੈਪਟਨ ਅਮਰਿੰਦਰ ਸਿੰਘ ਨੇ ਮੱਥੇ ਨੂੰ ਗੁਰਬਾਣੀ ਦਾ ਗੁਟਕਾ ਲਾ ਕੇ ਸਹੁੰ ਚੁੱਕੀ ਤੇ ਨਸ਼ੀਲੇ ਪਦਾਰਥਾਂ ਦਾ ਖਾਤਮਾ ਕਰਨ ਦੇ ਨਾਲ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡਾਂ ਬਾਰੇ ਜਾਂਚ ਕਰਵਾ ਕੇ ਸਜ਼ਾਵਾਂ ਦੇਣ ਦਾ ਐਲਾਨ ਕੀਤਾ ਸੀ, ਜਿਸ ਦਾ ਲੋਕਾਂ ਉੱਤੇ ਬਹੁਤ ਵੱਡਾ ਅਸਰ ਪਿਆ ਸੀ।

ਇਹ ਉਹ ਵਕਤ ਸੀ, ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਬਹੁਤ ਵੱਡੀ ਚੜ੍ਹਤ ਜਾਪਦੀ ਸੀ ਅਤੇ ਸਾਡੇ ਵਰਗੇ ਰਾਜਸੀ ਮਾਮਲਿਆਂ ਦੇ ਬਹੁਤ ਸਾਰੇ ਲੇਖਕ ਵੀ ਉਸ ਦਾ ਪ੍ਰਭਾਵ ਕਬੂਲਣ ਲੱਗੇ ਸਨ। ਬਠਿੰਡੇ ਦੀ ਰੈਲੀ ਅਤੇ ਉਸ ਵਿੱਚ ਚੁੱਕੀ ਗਈ ਸਹੁੰ ਦਾ ਅਸਰ ਵੱਧ ਹੋਇਆ ਜਾਂ ਅਕਾਲੀ ਦਲ ਦੇ ਅਖੀਰਲੇ ਦਿਨਾਂ ਵਿੱਚ ਸੁਖਬੀਰ ਸਿੰਘ ਤੇ ਬਿਕਰਮ ਸਿੰਘ ਮਜੀਠੀਏ ਦੀ ਮੋਛੇ ਪਾਊ ਧਾੜ ਕੋਲੋਂ ਤੰਗ ਆਏ ਲੋਕ ਉਨ੍ਹਾਂ ਦੇ ਵਿਰੁੱਧ ਭੁਗਤੇ, ਪੰਜਾਬ ਤੋਂ ਅਕਾਲੀ-ਭਾਜਪਾ ਰਾਜ ਦਾ ਬਿਸਤਰਾ ਲਪੇਟ ਦਿੱਤਾ ਗਿਆ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ। ਅਸੀਂ ਇਹ ਗੱਲ ਨਹੀਂ ਕਹਾਂਗੇ ਕਿ ਇਸ ਸਰਕਾਰ ਨੇ ਕੁਝ ਵੀ ਨਹੀਂ ਕੀਤਾ, ਕਿਸਾਨਾਂ ਦੇ ਸਾਰੇ ਕਰਜ਼ੇ ਨਾ ਸਹੀ, ਥੋੜ੍ਹੇ-ਬਹੁਤ ਜਿੰਨੇ ਵੀ ਮੁਆਫ ਕਰਨ ਦਾ ਕੰਮ ਕੀਤਾ, ਉਹ ਠੀਕ ਅਸਰ ਪਾਉਣ ਵਾਲਾ ਸੀ, ਪਰ ਏਹੋ ਕਾਫੀ ਨਹੀਂ ਸੀ। ਜਿਨ੍ਹਾਂ ਦੋ ਵੱਡੇ ਮਾਮਲਿਆਂ ਦੀ ਸਹੁੰ ਕੈਪਟਨ ਅਮਰਿੰਦਰ ਸਿੰਘ ਨੇ ਚੁੱਕੀ ਸੀ, ਉਨ੍ਹਾਂ ਵਿੱਚੋਂ ਨਾ ਅਜੇ ਤੱਕ ਨਸ਼ੀਲੇ ਪਦਾਰਥਾਂ ਦੇ ਵਹਿਣ ਨੂੰ ਨੱਥ ਪਾਉਣ ਵਿੱਚ ਕਾਮਯਾਬੀ ਮਿਲੀ ਹੈ, ਸਗੋਂ ਕਈ ਕਾਂਗਰਸੀ ਵਿਧਾਇਕਾਂ ਦੇ ਨਾਂਅ ਵੀ ਇਸ ਨਾਲ ਜੁੜ ਗਏ ਹਨ, ਤੇ ਨਾ ਸ੍ਰੀ ਗੁਰੂ ਗ੍ਰੰਥ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡਾਂ ਦੇ ਮੁੱਦੇ ਕਿਸੇ ਪਾਸੇ ਲੱਗੇ ਹਨ। ਪਿਛਲੇ ਸਾਲ ਜਦੋਂ ਵਿਧਾਨ ਸਭਾ ਵਿੱਚ ਇਸ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਈ ਅਤੇ ਇਸ ਮੌਕੇ ਨਮੋਸ਼ੀ ਦਾ ਸਾਹਮਣਾ ਕਰਨ ਦੀ ਥਾਂ ਵਾਕਆਊਟ ਕਰ ਕੇ ਅਕਾਲੀ ਆਗੂ ਮੈਦਾਨ ਖਾਲੀ ਕਰ ਗਏ ਸਨ, ਓਦੋਂ ਸਰਕਾਰ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਬਣਾਉਣ ਅਤੇ ਸੀ ਬੀ ਆਈ ਕੋਲ ਚੱਲਦੇ ਕੇਸ ਵਾਪਸ ਲੈਣ ਦਾ ਐਲਾਨ ਕੀਤਾ ਸੀ। ਜਾਂਚ ਕਰਨ ਲਈ ਜਿਹੜੀ ਵਿਸ਼ੇਸ਼ ਟੀਮ ਬਣਾਈ, ਉਹ ਵੀ ਆਸ ਬੰਨ੍ਹਾਉਣ ਵਾਲੀ ਸੀ ਤੇ ਉਸ ਨੇ ਕੁਝ ਹੱਦ ਤੱਕ ਕੰਮ ਵੀ ਕੀਤਾ, ਪਰ ਬਾਅਦ ਵਿੱਚ ਹੱਕਣ ਨਾਲ ਚੱਲਣ ਵਾਲੀ ਅਤੇ ਹੱਕਣ ਬਿਨਾਂ ਇੱਕੋ ਥਾਂ ਖੜੀ ਰਹਿਣ ਵਾਲੀ ਬਲਦਾਂ ਦੀ ਜੋੜੀ ਬਣ ਕੇ ਰਹਿ ਗਈ ਤੇ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਬਦਨਾਮੀ ਵਿਸ਼ੇਸ਼ ਜਾਂਚ ਟੀਮ ਦੀ ਨਹੀਂ, ਸਰਕਾਰ ਦੀ ਇਸ ਲਈ ਹੈ ਕਿ ਉਹ ਇਸ ਜਾਂਚ ਨੂੰ ਅੱਗੇ ਨਹੀਂ ਤੁਰਨ ਦੇਂਦੀ ਤੇ ਇਹ ਗੱਲ ਹਾਕਮ ਪਾਰਟੀ ਦੇ ਵਿਧਾਇਕ ਤੇ ਮੰਤਰੀ ਵੀ ਕਹੀ ਜਾ ਰਹੇ ਹਨ। ਮੁੱਖ ਮੰਤਰੀ ਨੂੰ ਇੱਕ ਡਿਨਰ ਦੌਰਾਨ ਇਸ ਬਾਰੇ ਕਾਂਗਰਸੀ ਵਿਧਾਇਕਾਂ ਵੱਲੋਂ ਦੱਸੇ ਜਾਣ ਨਾਲ ਵੀ ਕੋਈ ਫਰਕ ਨਹੀਂ ਪਿਆ।

ਅਸੀਂ ਫਿਰ ਉਸੇ ਗੱਲ ਉੱਤੇ ਆਉਂਦੇ ਹਾਂ। ਰਾਜ ਦੇ ਪਹਿਲੇ ਅੱਧ ਤੱਕ ਸਰਕਾਰ ਦਾ ਖਜ਼ਾਨਾ ਮੰਤਰੀ ਹਰ ਗੱਲ ਦਾ ਇੱਕੋ ਜਵਾਬ ਦੇਂਦਾ ਸੀ ਕਿ ਪਿਛਲੀ ਸਰਕਾਰ ਖਜ਼ਾਨਾ ਖਾਲੀ ਕਰ ਕੇ ਤੁਰ ਗਈ ਹੈ, ਪਰ ਜੇ ਢਾਈ ਸਾਲ ਬਾਅਦ ਵੀ ਇਹੋ ਗੱਲ ਸੁਣਨ ਨੂੰ ਮਿਲਣੀ ਹੈ ਤਾਂ ਲੋਕਾਂ ਵਿੱਚ ਪਿਛਲਿਆਂ ਬਾਰੇ ਕੌੜ ਦੀ ਥਾਂ ਮੌਜੂਦਾ ਸਰਕਾਰ ਦੇ ਨਿਕੰਮੇ ਹੋਣ ਦਾ ਨਵੀ ਤਰ੍ਹਾਂ ਦਾ ਪ੍ਰਭਾਵ ਬਣਨ ਲੱਗ ਪਿਆ ਹੈ। ਸਰਕਾਰ ਦਾ ਮੁਖੀ ਅਜੇ ਤੱਕ ਕਹੀ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸੁੱਕਾ ਨਹੀਂ ਜਾਣ ਦੇਣਾ, ਪਰ ਏਦਾਂ ਦੇ ਦਾਅਵਿਆਂ ਦਾ ਜਿਹੜਾ ਅਸਰ ਲੋਕਾਂ ਵਿੱਚ ਢਾਈ ਸਾਲ ਪਹਿਲਾਂ ਸੀ ਤੇ ਲੋਕਾਂ ਨੂੰ ਜਿੱਡੀ ਆਸ ਹੋਇਆ ਕਰਦੀ ਸੀ, ਉਸ ਦਾ ਪੱਧਰ ਬਹੁਤ ਬੁਰੀ ਤਰ੍ਹਾਂ ਡਿੱਗ ਚੁੱਕਾ ਹੈ। ਅੱਜ ਹਾਲਤ ਇਸ ਤਰ੍ਹਾਂ ਦੀ ਹੈ ਕਿ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਆਪਣੇ ਮੁੱਖ ਮੰਤਰੀ ਦੇ ਦਾਅਵੇ ਦੇ ਪੱਖ ਵਿੱਚ ਓਨਾ ਉੱਚਾ ਨਹੀਂ ਬੋਲਦੇ, ਜਿੰਨੀ ਉੱਚੀ ਸੁਰ ਵਿੱਚ ਇਸ ਤੋਂ ਉਲਟ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਬੋਲਦੇ ਹਨ। ਪ੍ਰਵਚਨ ਕਿੰਨਾ ਵੀ ਚੰਗਾ ਹੋਵੇ, ਪਹਿਲੀ ਵਾਰ ਸੁਣਿਆ ਜਾਵੇ ਤਾਂ ਜਿਹੜਾ ਅਸਰ ਪੈਂਦਾ ਹੈ, ਉਹ ਅਸਰ ਹਰ ਵਾਰੀ ਘਟਦਾ ਜਾਂਦਾ ਹੈ ਤੇ ਫਿਰ ਇਹ ਨੌਬਤ ਆ ਜਾਂਦੀ ਹੈ ਕਿ ਉਸ ਪ੍ਰਵਚਨ ਦੀ ਸੀ ਡੀ ਕਾਰ ਦੇ ਡੈਸ਼ ਬੋਰਡ ਵਾਲੇ ਖਾਨੇ ਵਿੱਚ ਪਈ ਹੁੰਦੀ ਹੈ ਤੇ ਲਾਉਣ ਦਾ ਚੇਤਾ ਸਿਰਫ ਓਦੋਂ ਆਉਂਦਾ ਹੈ, ਜਦੋਂ ਕਿਸੇ ਓਪਰੇ ਨੂੰ ਇਸ ਬਾਰੇ ਦੱਸਣਾ ਹੁੰਦਾ ਹੈ। ਅਮਰਿੰਦਰ ਸਿੰਘ ਦੀਆਂ ਢਾਈ ਸਾਲ ਪਹਿਲਾਂ ਦੀਆਂ ਤਕਰੀਰਾਂ ਥੋੜ੍ਹੇ-ਬਹੁਤ ਵਾਧੇ-ਘਾਟੇ ਨਾਲ ਅੱਜ ਜਦੋਂ ਉਸੇ ਤਰ੍ਹਾਂ ਦੁਹਰਾਈਆਂ ਜਾ ਰਹੀਆਂ ਹਨ ਤਾਂ ਲੋਕ ਸੁਣ-ਸੁਣ ਅੱਕ ਚੁੱਕੇ ਹਨ। ਉਹ ਅਮਲ ਚਾਹੁੰਦੇ ਹਨ ਤੇ ਅਮਲ ਹੋ ਨਹੀਂ ਰਿਹਾ। ਰਾਜ ਕਰਨ ਵਾਸਤੇ ਮਿਲੇ ਪੰਜ ਸਾਲਾਂ ਵਿੱਚੋਂ ਅੱਧਾ ਸਮਾਂ ਸਰਕਾਰ ਨੇ ਭੰਗ ਦੇ ਭਾੜੇ ਹੀ ਗੁਆ ਲਿਆ ਜਾਪਦਾ ਹੈ ਤੇ ਅੱਗੋਂ ਇਸ ਦੀ ਕੋਈ ਸੁਰ-ਸੇਧ ਲੋਕਾਂ ਦੇ ਪੱਲੇ ਨਹੀਂ ਪੈ ਰਹੀ। ਮੁੱਖ ਮੰਤਰੀ ਦੀ ਟੀਮ ਵਾਲੇ ਲੋਕ ਅਜੇ ਵੀ ਇਹੋ ਕਹਿੰਦੇ ਹਨ ਕਿ ਮੁਕਾਬਲੇ ਦੀ ਧਿਰ ਕੋਈ ਨਹੀਂ ਰਹੀ, ਅਕਾਲੀਆਂ ਦੇ ਪੈਰ ਨਹੀਂ ਲੱਗਦੇ, ਆਮ ਆਦਮੀ ਪਾਰਟੀ ਹੋਈ ਵੀ ਅਣਹੋਈ ਹੋਈ ਪਈ ਹੈ ਤੇ ਜਦੋਂ ਕੋਈ ਖਤਰਾ ਖੜਾ ਕਰਨ ਜੋਗੀ ਧਿਰ ਹੀ ਨਹੀਂ ਤਾਂ ਚਿੰਤਾ ਕਰਨ ਦੀ ਵੀ ਲੋੜ ਨਹੀਂ। ਉਹ ਇਸ ਮੌਕੇ ਇੱਕ ਨਵੀਂ ਉੱਠ ਰਹੀ ਧਿਰ ਨੂੰ ਅੱਖੋਂ ਪਰੋਖਾ ਕਰਦੇ ਹਨ। ਇਹ ਧਿਰ 'ਮੋਦੀ-ਮੋਦੀ' ਦੀ ਰੱਟ ਪੰਜਾਬ ਵਿੱਚ ਲਾਉਣ ਵੀ ਲੱਗ ਪਈ ਹੈ।

ਜੀ ਹਾਂ, ਪੰਜਾਬ ਵਿੱਚ ਇਹ ਵੇਖਣ ਦੀ ਲੋੜ ਨਹੀਂ ਕਿ ਬਾਬਾ ਬਕਾਲਾ ਦੇ ਰੱਖੜ ਪੁੰਨਿਆ ਦੇ ਇਕੱਠ ਵਿੱਚ ਭਾਜਪਾ ਦੇ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਨੇ ਸੁਖਬੀਰ ਸਿੰਘ ਬਾਦਲ ਨੂੰ 'ਭਵਿੱਖ ਦਾ ਮੁੱਖ ਮੰਤਰੀ' ਕਿਹਾ ਹੈ, ਸਗੋਂ ਨੋਟ ਕਰਨ ਦੀ ਗੱਲ ਇਹ ਹੈ ਕਿ ਇੱਕ ਦਿਨ ਪਹਿਲਾਂ ਭਾਜਪਾ ਆਗੂਆਂ ਨੇ ਕੀ ਕਿਹਾ ਸੀ। ਭਾਜਪਾ ਅੱਜ ਕੱਲ੍ਹ ਪੰਜਾਬ ਭਰ ਵਿੱਚ ਉਚੇਚੀ ਮੈਂਬਰਸ਼ਿਪ ਮੁਹਿੰਮ ਚਲਾ ਰਹੀ ਹੈ ਤੇ ਅਕਾਲੀਆਂ ਦੇ ਕਈ ਆਗੂ ਵੀ ਅੰਦਰਖਾਤੇ ਆਪਣੇ ਬੰਦੇ ਇਨ੍ਹਾਂ ਨਾਲ ਤੋਰ ਕੇ ਇਸ ਕੰਮ ਵਿੱਚ ਇਹ ਸੋਚ ਕੇ ਹਿੱਸਾ ਪਾ ਰਹੇ ਹਨ ਕਿ ਅਗਲੀ ਚੋਣ ਭਾਜਪਾ ਟਿਕਟ ਉੱਤੇ ਲੜਨੀ ਪੈ ਸਕਦੀ ਹੈ। ਅਕਾਲੀ ਦਲ ਦੀ ਲੀਡਰਸ਼ਿਪ ਇਹ ਜਾਣਦੀ ਹੈ। ਬਾਬਾ ਬਕਾਲਾ ਦੀ ਰੱਖੜ ਪੁੰਨਿਆ ਦੀ ਕਾਨਫਰੰਸ ਤੋਂ ਇੱਕ ਦਿਨ ਪਹਿਲਾਂ ਭਾਜਪਾ ਕੋਟੇ ਦੇ ਤੇਈ ਵਿਧਾਨ ਸਭਾ ਹਲਕਿਆਂ ਲਈ ਅਕਾਲੀ ਦਲ ਦੇ ਆਬਜ਼ਰਵਰਾਂ ਦੀ ਨਿਯੁਕਤੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਐਵੇਂ ਨਹੀਂ ਸੀ ਕੀਤੀ। ਉਨ੍ਹਾਂ ਦੋਵਾਂ ਧਿਰਾਂ ਵਿੱਚ ਚੱਲਦੀ ਖਿੱਚੋਤਾਣ ਤੋਂ ਇਹ ਸਾਫ ਹੋ ਰਿਹਾ ਹੈ ਕਿ ਅਕਾਲੀ ਦਲ ਦੇ ਉੱਧੜਧੁੰਮੀ ਵਾਲੇ ਰਾਜ ਦੀ ਥਾਂ ਭਾਜਪਾ 'ਨਰਿੰਦਰ ਮੋਦੀ ਦੀ ਅਗਵਾਈ ਹੇਠ ਕ੍ਰਿਆਸ਼ੀਲ' ਸਰਕਾਰ ਬਣਾਉਣ ਦੇ ਨਵੇਂ ਨਾਅਰੇ ਹੇਠ ਲਾਮਬੰਦੀ ਕਰਨ ਲੱਗ ਪਈ ਹੈ। ਚੌਟਾਲਿਆਂ ਤੋਂ ਤਾਜ਼ੇ-ਤਾਜ਼ੇ ਵੱਖ ਹੋਏ ਬਾਦਲ ਪਰਵਾਰ ਨੂੰ ਹਰਿਆਣੇ ਦੀਆਂ ਚੋਣਾਂ ਦੌਰਾਨ ਵਰਤਣ ਦੀ ਝਾਕ ਵਿੱਚ ਭਾਜਪਾ ਹਾਲ ਦੀ ਘੜੀ ਆਪਣੇ ਪੱਤੇ ਖੁੱਲ੍ਹ ਕੇ ਖੇਡਣ ਤੋਂ ਪ੍ਰਹੇਜ਼ ਕਰ ਰਹੀ ਹੈ, ਪਰ ਜਦੋਂ ਹਰਿਆਣਾ ਲੰਘ ਗਿਆ, ਪੰਜਾਬ ਦੀ ਰਾਜਨੀਤੀ ਦਾ ਨਕਸ਼ਾ ਵੀ ਬਦਲਦਾ ਦਿੱਸ ਪੈਣਾ ਹੈ।

ਪੰਜਾਬ ਦੇ ਮੁੱਖ ਮੰਤਰੀ ਹਾਲੇ ਤੱਕ ਇਸ ਨਵੀਂ ਸਥਿਤੀ ਉੱਤੇ ਪ੍ਰਤੀਕਿਰਿਆ ਨਹੀਂ ਦੇ ਰਹੇ ਤੇ ਉਨ੍ਹਾਂ ਦੇ ਵਿਧਾਇਕ ਅਤੇ ਮੰਤਰੀ 'ਰੱਬ ਦੀਆਂ ਦਿੱਤੀਆਂ ਗਾਜਰਾਂ, ਵਿੱਚੇ ਰੰਬਾ ਰੱਖ' ਵਾਲੀ ਸਥਿਤੀ ਦਾ ਲਾਹਾ ਲੈਣ ਰੁੱਝੇ ਹੋਏ ਹਨ। ਇਸ ਪੱਖ ਤੋਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਸੌਖੀ ਹੈ, ਜਿਨ੍ਹਾਂ ਨੂੰ ਅਗੇਤਾ ਚਾਨਣ ਹੋ ਗਿਆ ਜਾਪਦਾ ਹੈ ਕਿ ਅਗਲੀਆਂ ਚੋਣਾਂ ਵਿੱਚ ਅਸੀਂ ਕੋਈ ਏਦਾਂ ਦੀ ਧਿਰ ਨਹੀਂ ਹੋ ਸਕਣਾ, ਜਿਹੜੀ ਇਸ ਰਾਜ ਵਿੱਚ ਕੋਈ ਫੈਸਲਾਕੁਨ ਅਸਰ ਪਾ ਸਕਦੀ ਹੋਵੇ, ਇਸ ਲਈ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ। ਹੋਰ ਕੋਈ ਧਿਰ ਉੱਠ ਰਹੀ ਨਹੀਂ ਦਿੱਸਦੀ। ਹਾਲਾਤ ਪੰਜਾਬ ਵਿੱਚ ਜਿਵੇਂ ਪੈਰੋ-ਪੈਰ ਬਦਲ ਰਹੇ ਹਨ, ਉਨ੍ਹਾਂ ਬਾਰੇ ਸਾਡੀ ਇਹ ਗੱਲ ਅੱਜ ਅਗੇਤੀ ਜਾਪ ਸਕਦੀ ਹੈ, ਪਰ ਜਦੋਂ ਨੂੰ ਇਹ ਸਾਲ ਮੁੱਕਣਾ ਹੈ, ਸ਼ਾਇਦ ਓਦੋਂ ਤੱਕ ਕਈ ਹੋਰ ਲੋਕ ਵੀ ਕਹਿਣ ਲੱਗਣਗੇ। ਜੰਮੂ-ਕਸ਼ਮੀਰ ਵਿੱਚ ਧਾਰਾ 370 ਵਲ੍ਹੇਟੇ ਜਾਣ ਦੇ ਬਾਅਦ ਦੀ ਬਦਲੀ ਹੋਈ ਸਥਿਤੀ ਨੂੰ ਜਿਹੜਾ ਇਸ ਵੇਲੇ ਨਹੀਂ ਵੇਖ ਸਕਦਾ, ਕਦੇ ਵੀ ਨਹੀਂ ਵੇਖ ਸਕੇਗਾ। ਬਰਗਾੜੀ ਤੇ ਬਹਿਬਲ ਕਲਾਂ ਵਾਲੀਆਂ ਬਾਤਾਂ ਸਿਆਸੀ ਭਾਸ਼ਣਾਂ ਨੂੰ ਭਰਪੂਰ ਕਰਨ ਤੇ ਚਹੇਤਿਆਂ ਦੀਆਂ ਤਾੜੀਆਂ ਵਜਾਉਣ ਵਾਸਤੇ ਠੀਕ ਹਨ, ਪਰ ਜਿੰਦਾਂ ਦੇ ਹਾਲਾਤ ਉੱਭਰ ਰਹੇ ਹਨ, ਉਨ੍ਹਾਂ ਵਿੱਚ ਇਸ ਨਾਲ ਬੁੱਤਾ ਨਹੀਂ ਸਰਨ ਵਾਲਾ।

# ਸਸਤੀ ਕਾਰ

-ਰਾਬਰਟ ਕਲੀਮੈਂਟਸ

ਸਾਡੇ 'ਚੋਂ ਜ਼ਿਆਦਾਤਰ ਲੋਕ ਚੀਨੀ ਅਤੇ ਹੋਰ ਸਸਤੇ ਉਤਪਾਦ ਖਰੀਦ ਕੇ ਇਹ ਮਹਿਸੂਸ ਕਰਦੇ ਹਨ ਕਿ ਅਸੀਂ ਆਪਣੇ ਧਨ ਦੀ ਪੂਰੀ ਕੀਮਤ ਵਸੂਲ ਲਈ ਹੈ। ਜ਼ਿਆਦਾ ਵਾਰ ਅਜਿਹਾ ਨਹੀਂ ਹੁੰਦਾ, ਜਿਵੇਂ ਕਿ ਮੈਂ ਆਪਣੇ ਖਿਆਲਾਂ ਵਿੱਚ ਲਗਾਏ ਅਨੁਮਾਨ ਮੁਤਾਬਕ ਦੇਖਿਆ ਹੈ :

ਸ਼ਹਿਰ ਦੇ ਬਾਹਰੀ ਖੇਤਰ ਵਿੱਚ ਆਪਣੀ ਫੈਕਟਰੀ ਦਿਖਾਉਂਦੇ ਹੋਏ ਕੰਪਨੀ ਦਾ ਪ੍ਰਬੰਧ ਨਿਰਦੇਸ਼ਕ ਬੋਲਿਆ, 'ਸਾਡੇ ਇੰਜੀਨੀਅਰਾਂ ਨੇ ਇਹ ਕਾਰ ਬਣਾਉਣ ਲਈ ਦਿਨ-ਰਾਤ ਸਖਤ ਮਿਹਨਤ ਕੀਤੀ ਹੈ।'

ਮੈਂ ਕਿਹਾ, ''ਅਤੇ ਇਹ ਕਾਰ ਇੱਕ ਲੱਖ ਤੋਂ ਵੀ ਘੱਟ ਕੀਮਤ 'ਚ ਮਿਲੇਗੀ?''

ਵਰਕਸ਼ਾਪ ਖੇਤਰ ਵਿੱਚ ਇੱਕ ਲੰਮੇ ਗਲਿਆਰੇ 'ਚੋਂ ਲਿਜਾਂਦੇ ਹੋਏ ਪ੍ਰਬੰਧ ਨਿਰਦੇਸ਼ਕ ਚਹਿਕਦਾ ਹੋਇਆ ਬੋਲਿਆ, ''50 ਹਜ਼ਾਰ ਤੋਂ ਵੀ ਘੱਟ 'ਚ ਅਤੇ ਇਹ ਰਹੀ।''

ਮੈਂ ਉੱਚੀ ਜਿਹੀ ਆਵਾਜ਼ ਵਿੱਚ ਬੋਲਿਆ, ''ਇਹ ਖੂਬਸੂਰਤ ਹੈ।''

ਪ੍ਰਬੰਧ ਨਿਰਦੇਸ਼ਕ ਨੇ ਬੜੇ ਮਾਣ ਨਾਲ ਕਿਹਾ, ''ਜਿਸ ਪੇਂਟ ਦੀ ਵਰਤੋਂ ਅਸੀਂ ਕੀਤੀ ਹੈ, ਉਹ ਓਵਨ ਫਿਨਿਸ਼ ਟੈਕਨਾਲੋਜੀ 'ਚ ਆਧੁਨਿਕ ਹੈ। ਇੱਕ ਵਾਰ ਚਮਕਾਉਣ 'ਤੇ ਕਾਰ ਇੱਕ ਮਹੀਨੇ ਬਾਅਦ ਵੀ ਇਸੇ ਤਰ੍ਹਾਂ ਚਮਕਦੀ ਰਹੇਗੀ।''

ਮੈਂ ਬੇਯਕੀਨੀ ਨਾਲ ਕਿਹਾ, ''ਕੋਈ ਚੀਜ਼ ਤਾਂ ਅਜਿਹੀ ਹੋਵੇਗੀ ਕਿ ਇਸ ਮਾਡਲ ਦੀਆਂ ਕੀਮਤਾਂ ਇੰਨੀਆਂ ਘੱਟ ਕਰਨ ਲਈ ਤੁਸੀਂ ਕਟੌਤੀ ਕੀਤੀ ਹੋਵੇਗੀ।''

ਪ੍ਰਬੰਧ ਨਿਰਦੇਸ਼ਕ ਨੇ ਚਹਿਕਦਿਆਂ ਕਿਹਾ, ''ਇੰਪੋਰਟਿਡ ਬੱਕਲਜ਼ ਨਾਲ ਸੇਫਟੀ ਬੈਲਟਸ।''

ਮੈਂ ਕਿਹਾ, ''ਬਹੁਤ ਖੂਬ।''

''ਇਸ ਦੀਆਂ ਸੀਟਾਂ ਇੰਨੀਆਂ ਨਰਮ ਅਤੇ ਮਜ਼ਬੂਤ ਹਨ ਕਿ ਬਹੁਤ ਲੰਮੇ ਸਮੇਂ ਤੱਕ ਚੱਲਣਗੀਆਂ।''

''ਯਕੀਨ ਨਹੀਂ ਹੁੰਦਾ।''

''ਫਾਈਬਰ ਗਲਾਸ ਦੇ ਬੰਪਰਜ਼, ਜਿਨ੍ਹਾਂ ਨਾਲ ਕਾਰ ਨੂੰ ਅੱਗਿਓਂ ਕੋਈ ਨੁਕਸਾਨ ਨਹੀਂ ਪਹੁੰਚੇਗਾ।''

ਮੈਂ ਖਦਸ਼ੇ ਦੇ ਲਹਿਜ਼ੇ ਵਿੱਚ ਪੁੱਛਿਆ, ''ਅਤੇ ਪਿੱਛਿਓਂ?''

''ਸਕਰੂ ਆਨ ਬਲਬਾਂ ਨਾਲ ਹੈੱਡ ਲਾਈਟਸ।''

''ਬਹੁਤ ਵਧੀਆ।''

''ਟਿੰਟਿਡ ਗਲਾਸਿਜ਼।''

''ਹੈਰਾਨੀ ਜਨਕ।''

ਆਟੋਮੋਬਾਈਲ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਨੇ ਮੇਰੇ ਵੱਲ ਬਹੁਤ ਮਾਣ ਨਾਲ ਦੇਖਿਆ ਅਤੇ ਕਿਹਾ, ''ਇਸ ਕਾਰ ਨਾਲ ਸਾਡੀ ਕੰਪਨੀ ਆਪਣੇ ਪੈਰਾਂ 'ਤੇ ਫਿਰ ਖੜ੍ਹੀ ਹੋ ਜਾਵੇਗੀ ਅਤੇ ਸਾਡੇ ਸ਼ੇਅਰ ਆਸਮਾਨ ਨੂੰ ਛੂਹਣ ਲੱਗਣਗੇ।''

ਮੈਂ ਕਿਹਾ, ''ਤੁਸੀਂ ਤਾਂ ਫਿਰ ਸ਼ਹਿਰ ਵਿੱਚ ਸਭ ਦੀ ਜ਼ੁਬਾਨ 'ਤੇ ਹੋਵੋਗੇ?''

ਉਸ ਨੇ ਕਿਹਾ, ''ਵਿਸ਼ਵ ਬਾਜ਼ਾਰ ਵਿੱਚ ਭਾਰਤ ਦਾ ਸਿਰ ਮਾਣ ਨਾਲ ਉਚਾ ਹੋ ਜਾਵੇਗਾ। ਬਹੁਤ ਲੰਮੇ ਸਮੇਂ ਤੱਕ ਅਸੀਂ ਵਿਦੇਸ਼ੀ ਤਕਨੀਕ ਅੱਗੇ ਝੁਕਦੇ ਰਹੇ ਹਾਂ।''

ਮੈਂ ਚਿੱਲਾਇਆ, ''ਹਾਂ, ਤੁਸੀਂ ਇਸ ਕਾਰ ਦੀ ਬਰਾਮਦ ਕਰ ਸਕਦੇ ਹੋ।''

''ਕੀ ਤੁਸੀਂ ਆਪਣੇ ਲੇਖ 'ਚ ਇਸ ਦਾ ਜ਼ਿਕਰ ਕਰੋਗੇ?''

ਮੈਂ ਕਿਹਾ, ''ਯਕੀਨੀ ਤੌਰ 'ਤੇ।''

ਉਸ ਨੇ ਕਿਹਾ, ''ਮੇਰੇ ਆਫਿਸ ਵਿੱਚ ਚੱਲ ਕੇ ਕੁਝ ਸ਼ੈਂਪੇਨ ਪੀਂਦੇ ਹਾਂ।''

ਮੈਂ ਉਤਸੁਕਤਾ ਨਾਲ ਕਿਹਾ, ''ਇਸ ਵਿੱਚ ਇੱਕ ਚੱਕਰ ਲਾਉਂਦੇ ਹਾਂ।''

ਪ੍ਰਬੰਧ ਨਿਰਦੇਸ਼ਕ ਨੇ ਦੁਚਿੱਤੀ ਨਾਲ ਪੁੱਛਿਆ, ''ਕੀ।''

ਮੈਂ ਸਪੱਸ਼ਟ ਕੀਤਾ, ''ਡਰਾਈਵ 'ਤੇ, ਕਾਰ ਨੂੰ ਡਰਾਈਵ 'ਤੇ ਲੈ ਕੇ ਚੱਲਦੇ ਹਾਂ।''


ਪ੍ਰਬੰਧ ਨਿਰਦੇਸ਼ਕ ਨੇ ਤੁਰੰਤ ਕਿਹਾ, ''ਇਸ ਨੂੰ ਡਰਾਈਵ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਇੰਜਣ ਲਾਉਣਾ ਪਵੇਗਾ।''

ਮੈਂ ਹੈਰਾਨੀ ਨਾਲ ਪੁੱਛਿਆ, ''ਕੀ ਇਸ ਵਿੱਚ ਇੰਜਣ ਨਹੀਂ ਹੈ।''

ਪ੍ਰਬੰਧ ਨਿਰਦੇਸ਼ਕ ਮੈਨੂੰ ਵਰਕਸ਼ਾਪ 'ਚੋਂ ਬਾਹਰ ਕੱਢਦਿਆਂ ਚਿੱਲਾਇਆ, ''50,000 ਰੁਪਏ ਵਿੱਚ ਤੁਸੀਂ ਹੋਰ ਕੀ ਚਾਹੋਗੇ? ਇੰਜਣ ਨਾਲ ਕਾਰ?''


ਜਦੋਂ ਤੁਸੀਂ ਇਸ ਨੂੰ ਪੜ੍ਹ ਕੇ ਹੱਸ ਰਹੇ ਹੋ ਤਾਂ ਜ਼ਰਾ ਸੋਚੋ, ਜਦੋਂ ਤੁਸੀਂ ਸਸਤੀ ਚੀਜ਼ ਲਈ ਖੁਦ ਨਾਲ ਸਮਝੌਤਾ ਕਰਦੇ ਹੋ। ਅਸੀਂ ਅਜਿਹਾ ਹਰ ਵਾਰ ਕਰਦੇ ਹਾਂ-ਸਸਤੇ ਉਤਪਾਦ, ਸਸਤੇ ਡਾਕਟਰ (ਜੋ ਐੱਮ ਬੀ ਬੀ ਐੱਸ ਵੀ ਨਹੀਂ ਹੁੰਦੇ), ਸਸਤੇ ਵਕੀਲ, ਸਸਤੇ ਮਕਾਨ, ਜੋ ਜ਼ਰਾ ਜਿੰਨੇ ਮੀਂਹ ਕਾਰਨ ਡਿੱਗਣ 'ਤੇ ਆ ਜਾਂਦੇ ਹਨ। ਗੁਣਵੱਤਾ ਵੱਲ ਧਿਆਨ ਦੇਣਾ ਸ਼ੁਰੂ ਕਰੋ, ਕੰਪਨੀ ਦੀ ਸਾਖ 'ਤੇ। ਕਿਸੇ ਸਮੇਂ ਅਸੀਂ ਫੜ੍ਹੀਆਂ 'ਤੇ ਸਾਮਾਨ ਵੇਚਣ ਵਾਲਿਆਂ ਦਾ ਦੇਸ਼ ਹੁੰਦੇ ਸੀ, ਅੱਜ ਪ੍ਰਾਈਸ ਟੈਗ ਤੋਂ ਅੱਗੇ ਦੇਖਣਾ ਸ਼ੁਰੂ ਕਰੋ।

BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients


Forklift Re-Certification Only $69.00/-




Karnail Singh

416.670.3173 | 905.799.7333
27 Edvac Dr, Brampton, ON L6S 5X8

# ਭਗਵਾਨ ਦੇ ਕਣ- ਹਿਗਸ ਬੋਸੋਨ ਪਾਰਟੀਕਲਸ



ਪੀਟਰ ਹਿਗਸ

ਸਾਇੰਸ ਦੀਆਂ ਅਨੇਕਾਂ ਖੋਜਾਂ ਤੋਂ ਬਾਅਦ ਵੀ ਅਜੇ ਤੱਕ ਇਹ ਭੇਤ ਬਣਿਆ ਹੋਇਆ ਹੈ ਕਿ ਅਸੀਂ ਕੌਣ ਹਾਂ? ਅਸੀਂ ਕਿਥੋਂ ਆਏ ਹਾਂ? ਇਹ ਬ੍ਰਹਿਮੰਡ ਕਿੰਨ੍ਹਾ ਕੁ ਵੱਡਾ ਹੈ? ਇਹ ਬ੍ਰਹਿਮੰਡ ਕਿਸ ਨੇ ਬਣਾਇਆ ਹੈ? ਕੀ ਟਾਈਮ ਮਸ਼ੀਨ ਬਣ ਸਕਦੀ ਹੈ? ਅਜਿਹੇ ਹਜ਼ਾਰਾਂ ਹੀ ਸਵਾਲ ਵਿਗਿਆਨ ਲਈ ਅਜੇ ਅਣ -ਸੁਲਝੇ ਹਨ। ਇਨ੍ਹਾਂ ਸਵਾਲਾ ਦੇ ਹੱਲ ਲਈ ਇਹ ਨਵੇ ਲੱਭੇ ਪਾਰਟੀਕਲਸ ਕਿਸੇ ਹੱਦ ਤੱਕ ਬਹੁਤ ਹਿੱਸਾ ਪਾ ਸਕਦੇ ਹਨ। ਕੀ ਹਨ ਇਹ ਭਗਵਾਨ ਦੇ ਕਣ? ਆਓ ਜ਼ਰਾ ਸਮਝਣ ਦੀ ਕੋਸ਼ਿਸ਼ ਕਰੀਏ।

ਹਿਗਸ ਬੋਸੋਨ ਪਾਰਟੀਕਲ ਅਰਥਾਤ ਗੌਡ ਪਾਰਟੀਕਲ

ਗੱਲ ਦੀ ਸ਼ੁਰੂਆਤ ਪਦਾਰਥ ਤੋਂ ਕਰਦੇ ਹਾਂ, ਉਹ ਚੀਜ਼ ਜੋ ਥਾਂ ਘੇਰਦੀ ਹੋਵੇ ਅਤੇ ਜਿਸਦਾ ਪੁੰਜ ਹੋਵੇ ਉਸਨੂੰ ਪਦਾਰਥ ਕਹਿੰਦੇ ਹਨ। ਸਾਰਾ ਬ੍ਰਹਿਮੰਡ ਪਦਾਰਥ ਦਾ ਬਣਿਆ ਹੋਇਆ ਹੈ ਅਤੇ ਜਿਸਦਾ ਪੁੰਜ ਨਹੀਂ ਹੈ ਉਹ ਸਿਰਫ ਊਰਜਾ ਰਹਿ ਜਾਂਦੀ ਹੈ। ਅਰਥਾਤ ਬ੍ਰਹਿਮੰਡ ਊਰਜਾ ਅਤੇ ਪੁੰਜ ਤੋਂ ਬਣਿਆ ਕਹਿ ਸਕਦੇ ਹਾਂ। ਡਾਲਟਨ ਨੇ ਦੱਸਿਆ ਸੀ ਕਿ ਸਾਰੇ ਪਦਾਰਥ ਛੋਟੇ-ਛੋਟੇ ਬਰੀਕ ਕਣਾਂ, ਜਿਨ੍ਹਾਂ ਨੂੰ ਪਰਮਾਣੂ ਜਾਂ ਐਟਮ ਕਹਿੰਦੇ ਹਨ, ਤੋਂ ਬਣਿਆ ਹੈ। ਜੇ.ਜੇ ਥਾਮਸਨ, ਈ. ਗੋਲਡਸਟੀਨ ਅਤੇ ਚੈਡਵਿੱਕ ਆਦਿ ਦੀਆਂ ਖੋਜਾਂ ਨੇ ਪਰਮਾਣੂ ਵਿੱਚ ਉਪ-ਕਣ ਇਲੈਕਟ੍ਰਾਨ, ਪ੍ਰੋਟਾਨ ਅਤੇ ਨਿਊਟ੍ਰਾਨ ਬਾਰੇ ਜਾਣਕਾਰੀ ਦਿੱਤੀ। ਰਦਰਫੋਰਡ ਨੇ ਐਟਮ ਦਾ ਕੇਂਦਰ(ਨਿਊਕਲੀਅਸ) ਲੱਭਿਆ, ਜਿਸ ਵਿੱਚ ਪ੍ਰੋਟਾਨ ਤੇ ਨਿਊਟ੍ਰਾਨ ਹੁੰਦੇ ਹਨ ਅਤੇ ਐਟਮ ਦਾ ਸਾਰਾ ਪੁੰਜ ਨਿਊਕਲੀਅਸ ਕਰਕੇ ਹੀ ਹੁਦਾ ਹੈ। ਹੁਣ ਸਮਝ ਆ ਗਿਆ ਸੀ ਕਿ ਪਦਾਰਥ ਪਰਮਾਣੂਆ ਤੋਂ ਅਤੇ ਪਰਮਾਣੂ ਇਲੈਕਟ੍ਰਾਨ,ਪ੍ਰੋਟਾਨ ਅਤੇ ਨਿਊਟ੍ਰਾਨ ਤੋਂ ਬਣਦੇ ਹਨ। ਜੇਕਰ ਕੋਈ ਇਹ ਪ੍ਰਸ਼ਨ ਕਰਦਾ ਸੀ ਕਿ ਪ੍ਰੋਟਾਨ ਤੇ ਨਿਊਟ੍ਰਾਨ ਕਿਵੇਂ ਬਣੇ ਹਨ ਤਾਂ ਵਿਗਿਆਨ ਦਾ ਉੱਤਰ ਹੁੰਦਾ ਸੀ ਕਿ ਇਹ ਕੁਦਰਤੀ ਹਨ।

ਪ੍ਰੰਤੂ ਇਨ੍ਹਾਂ ਦਾ ਉੱਤਰ ਲੱਭਣ ਲਈ ਭਾਰਤੀ ਵਿਗਿਆਨੀ ਸਤਿੰਦਰਨਾਥ ਬੋਸ ਨੇ ਅਲਬਰਟ ਆਈਨਸਟਾਈਨ ਨਾਲ ਰਲ ਕੇ ਕੰਮ ਕੀਤਾ ਅਤੇ ਇਹ ਪਤਾ ਲਗਾਇਆ ਕਿ ਪਰਮਾਣੂ ਨੂੰ ਪੁੰਜ ਦੇਣ ਵਾਲੇ ਕਣ ਇਸ ਬ੍ਰਹਿਮੰਡ ਵਿੱਚ ਮੋਜੂਦ ਹਨ। ਉਨ੍ਹਾਂ ਨੂੰ ਉਸ ਸਮੇਂ ਬੋਸ-ਆਈਨਸਟਾਈਨ ਪਾਰਟੀਕਕਲਸ () ਜਾਂ ਬੋਸੋਨ ਦਾ ਨਾਮ ਦਿੱਤਾ ਗਿਆ। ਨੌਵੀਂ ਕਲਾਸ ਦੀ ਸਾਇੰਸ ਦੀ ਕਿਤਾਬ ਵਿੱਚ ਪੰਨ੍ਹਾ ਨੰਬਰ 10 ਉੱਤੇ ਪਾਰਟੀਕਲਸ ਬਾਰੇ ਜਾਣਕਾਰੀ ਦਿੱਤੀ ਹੋਈ ਹੈ।


ਇਨ੍ਹਾਂ ਪਾਰਟੀਕਲਸ ਦੀ ਖੋਜ ਲਈ ਦੁਬਾਰਾ ਇਨ੍ਹਾਂ ਉੱਪਰ ਕੰਮ ਬ੍ਰਿਟਿਸ਼ ਵਿਗਿਆਨੀ ਪੀਚਰ ਹਿਗਸ ਨੇ 1964 ਵਿੱਚ ਕੰਮ ਸ਼ੁਰੂ ਕੀਤਾ। ਲਗਭਗ 48 ਸਾਲ ਦੀ ਮਿਹਨਤ ਤੇ ਹਜ਼ਾਰਾ ਮੁਸ਼ਕਿਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਪ੍ਰੋਟਾਨਾਂ ਤੇ ਆਪਸ ਵਿੱਚ ਟਕਰਾਣ ਤੋਂ ਬਾਅਦ ਇਹ ਪਾਰਟੀਕਲਸ ਲੱਭ ਲਏ ਗਏ, ਜਿਨ੍ਹਾਂ ਨੂੰ ਹੁਣ ਹਿਗਸ ਬੋਸੋਨ ਪਾਰਟੀਕਲਸ ਕਹਿੰਦੇ ਹਨ। ਇਹ ਪਾਰਟੀਕਲਸ ਹੀ ਸਾਰੀਆ ਵਸਤੂਆਂ ਨੂੰ ਪੁੰਜ ਦਿੰਦੇ ਹਨ। ਪਹਿਲਾਂ ਇਹ ਭੇਤਪੂਰਨ ਸੀ ਇਸ ਲਈ ਵਿਗਿਆਨੀਆ ਨੇ ਇਨ੍ਹਾਂ ਦਾ ਨਾਮ ਗੋਡ ਪਾਰਟੀਕਲਸ ਵੀ ਰੱਖ ਦਿੱਤਾ।

ਪੀਟਰ ਹਿਗਸ

ਵਿਗਿਆਨ ਅਨੁਸਾਰ ਅੱਜ ਤੋਂ 13.7 ਬਿਲੀਅਨ ਸਾਲ ਪਹਿਲਾਂ ਬ੍ਰਹਿਮੰਡ ਦਾ ਸਾਰਾ ਪੁੰਜ ਇੱਕ ਗੋਲੇ ਦੀ ਸ਼ਕਲ ਵਿੱਚ ਸੀ। ਇੱਕ ਧਮਾਕੇ ਦੇ ਬਾਅਦ, ਜਿਸਨੂੰ ਬਿਗ-ਬੈਂਗ ਧਮਾਕਾ ਕਹਿੰਦੇ ਹਨ, ਨਾਲ ਸਾਰਾ ਪੁੰਜ ਖਿਲਰਣ ਲੱਗ ਪਿਆ ਅਤੇ ਫਿਰ ਸਾਰੇ ਗ੍ਰਹਿ, ਤਾਰੇ, ਬ੍ਰਹਿਮੰਡ ਬਣਿਆ। ਵਿਗਿਆਨੀ ਕੁਝ ਅਜਿਹਾ ਹੀ ਧਮਾਕਾ ਦੁਬਾਰਾ ਕਰਕੇ ਜਾਣਨਾ ਚਾਹੁੰਦੇ ਸਨ ਕਿ ਆਖਿਰ ਇਹ ਸਭ ਬਣਿਆ ਕਿਵੇਂ ਹੈ। ਇਸ ਲਈ ਲਗਭਗ 60 ਸਾਲ ਪਹਿਲਾਂ ਸਰਨ ਅਰਥਾਤ ਯੂਰਪੀਅਨ ਸੈਂਟਰ ਫਾਰ ਨਿਊਕਲੀਅਰ ਰਿਸਰਚ ਦੇ ਵਿਗਿਆਨੀਆਂ ਨੇ ਜਿਨੇਵਾ ਵਿੱਚ 3 ਬਿਲੀਅਨ ਯੂਰੋ ਖਰਚ ਕਰਕੇ ਧਰਤੀ ਤੋਂ 100 ਮੀਟਰ ਨਿੱਚੇ ਇੱਕ ਗੋਲ ਮਸ਼ੀਨ ਬਣਾਈ ਗਈ। ਜਿਸਦਾ ਨਾਮ ਹੈ ਐਲ. ਐਚ. ਸੀ(ਲਾਈਟ ਹੈਡ੍ਰਾਨ ਕੋਕਲਾਈਡਰ) ਅਤੇ ਇਹ 27 ਕਿਲੋਮੀਟਰ ਲੰਮੀ ਹੈ। ਇਸ ਵਿੱਚ ਪ੍ਰੋਟਾਨਾਂ ਨੂੰ ਲਗਭਗ ਪ੍ਰਕਾਸ਼ ਦੀ ਚਾਲ ਨਾਲ ਘੁਮਾ ਕੇ ਆਪਸ ਵਿੱਚ ਟਕਰਾਉਣਾ ਸੀ। ਇਨ੍ਹਾਂ ਕਣਾਂ ਦੀ ਟੱਕਰ ਨਾਲ 10 ਖਰਬ ਸੈਲਸੀਆਸ ਦਾ ਤਾਪਮਾਨ ਪੈਂਦਾ ਕੀਤਾ ਗਿਆ ਜਿਹੜਾ ਸੂਰਜ ਤੇ ਕੇਂਦਰ ਤੋਂ ਲੱਖਾ ਗੁਣਾ ਜ਼ਿਆਦਾ ਹੈ। ਜਦੋਂ ਸਕਿੰਟਾ ਵਿੱਚ ਖਰਬਾ ਪਾਰੀਕਲਸ ਟਕਰਾਏ ਜਾਂਦੇ ਤਾਂ ਕਦੇ-ਕਦੇ ਇਹ ਹਿਗਸ ਬੋਸੋਨ ਪਾਰਟੀਕਲਸ ਦਿਖਾਈ ਦਿੰਦੇ। ਹੁਣ ਇਨ੍ਹਾਂ ਦੀ 99.99% ਪੁਸ਼ਟੀ ਹੋ ਗਈ ਹੈ।



LHC ਮਸ਼ੀਨ




ਮਸ਼ੀਨ

ਪਾਰਟੀਕਲਸ ਦੀ ਪਰਖ ਕਰਨ ਵਾਲੀਆ ਮੁੱਖ ਸੰਸਥਾਵਾਂ ਵਿੱਚੋਂ ਸੀ.ਐਮ. ਐਸ ਨੇ ਇਨ੍ਹਾਂ ਨੂੰ 4.9 ਸਿਗਮਾ ਤੇ ਐਟਲਸ ਨੇ 5 ਸਿਗਮਾ ਸਤਰ ਦਾ ਕਿਹਾ ਹੈ। ਕਿਸੇ ਵੀ ਨਵੇਂ ਕਣਾਂ ਲਈ ਉਨ੍ਹਾਂ ਦਾ 5 ਸਿਗਮਾ ਹੋਣਾ ਜ਼ਰੂਰੀ ਹੈ ਅਤੇ ਇਨ੍ਹਾਂ ਦਾ ਪੁੰਜ ਲਗਭਗ 126 ਗੀਗਾ ਇਲੈਕਟ੍ਰਾਨ ਵੋਲਟ ਹੈ, ਕਿਸੇ ਵੀ ਪਾਰਟੀਕਲ ਨੂੰ 120 ਤੋਂ 140 ਗੀਗਾ ਇਲੈਕਟ੍ਰਾਨ ਵੋਲਟ ਹੋਣਾ ਚਾਹੀਦਾ ਹੈ।

ਸਾਨੂੰ ਗਰਵ ਹੋਣਾ ਚਾਹੀਦਾ ਹੈ ਕਿ ਇਨਾਂ ਪਾਰਟੀਕਲਸ ਦਾ ਨਾਮ ਸਾਡੇ ਮਹਾਨ ਵਿਗਿਆਨੀ ਸਤਿੰਰਨਾਥ ਬੋਸ ਜੀ ਦੇ ਨਾਂ ਉੱਪਰ ਰੱਖਿਆ ਗਿਆ ਹੈ।ਸਾਡੇ ਦੇਸ਼ ਦੇ ਲਗਭਗ 100 ਤੋਂ ਉੱਪਰ ਵਿਗਿਆਨੀ ਇਸ ਪ੍ਰਯੋਗ ਨਾਲ ਜੁੜੇ ਹੋਏ ਸਨ ਅਤੇ ਹਜ਼ਾਰਾਂ ਤਰ੍ਹਾਂ ਦੇ ਇਲੈਕਟ੍ਰਾਨਿਕ ਉਪਕਰਨ ਭਾਰਤ ਤੋਂ ਹੀ ਉੱਥੇ ਜਾਂਦੇ ਸਨ। ਇਸ ਮਹਾਨ ਖੋਜ ਨਾਲ ਫਿਰ ਇੱਕ ਵਾਰ ਭਾਰਤ ਨੇ ਆਪਣੀ ਮਿਹਨਤ ਤੇ ਬੁੱਧੀ ਨੂੰ ਵਿਸ਼ਵ ਅੱਗੇ ਸਾਬਤ ਕਰ ਦਿੱਤਾ ਹੈ।

ਨਵੇਂ ਲੱਭੇ ਕਣਾਂ ਦੀ ਗਤੀ ਲਗਭਗ ਪ੍ਰਕਾਸ਼ ਦੀ ਗਤੀ ਦੇ ਬਰਾਬਰ ਹੈ। ਇਹ ਕਣ ਹਰ ਚੀਜ਼ ਨੂੰ ਪੁੰਜ ਪ੍ਰਦਾਨ ਕਰਦੇ ਹਨ। ਹਰ ਚੀਜ਼ ਪਹਿਲਾਂ ਪ੍ਰਕਾਸ਼ ਦੀ ਗਤੀ ਨਾਲ ਚਲਦੀ ਹੈ, ਪਰ ਜਿਵੇਂ-ਜਿਵੇਂ ਉਹ ਪੁੰਜ ਪ੍ਰਾਪਤ ਕਰਦੀ ਹੈ, ਉਸਦੀ ਗਤੀ ਘਟਦੀ ਜਾਂਦੀ ਹੈ। ਇਸਨੂੰ ਆਈਨਸਟਾਈਨ ਦੀ ਸਮੀਕਰਨ =2 ਤੋਂ ਵੀ ਸਮਝ ਸਕਦੇ ਹਾਂ। ਇਨ੍ਹਾਂ ਰਾਹੀ ਸਾਨੂੰ ਗਲੈਕਸੀਆਂ ਹੁਣ ਜ਼ਿਆਦਾ ਦੂਰ ਨਹੀਂ ਲੱਗਣਗੀਆ। ਅਸੀਂ ਸਾਡੇ ਬ੍ਰਹਿਮੰਡ ਦਾ ਵਿਸਥਾਰ ਕਿਵੇਂ ਹੋਇਆ ਪਤਾ ਕਰ ਸਕਾਂਗੇ। ਇਸ ਨਾਲ ਟਾਈਮ ਮਸ਼ੀਨ ਬਣਨ ਦੀ ਸੰਭਾਵਨਾ ਵੀ ਹੋਰ ਵਧ ਜਾਂਦੀ ਹੈ। ਉਮੀਦ ਹੈ ਇਹ ਪਾਰਟੀਕਲਸ ਹੋਰ ਸਾਰੇ ਟੈਸਟਾਂ ਉੱਪਰ ਵੀ ਖਰ੍ਹੇ ਉੱਤਰਨਗੇ ਅਤੇ ਵਿਗਿਆਨੀਆਂ ਦੇ ਹਜ਼ਾਰਾ ਸਵਾਲਾਂ ਦੇ ਜਵਾਬ ਦੇਣ ਵਿੱਚ ਮੱਦਦ ਕਰਨਗੇ।



ਸੋਨੀ ਸਿੰਗਲਾ
ਐਸ. ਐਲ . ਏ.
ਸਸਸ ਬੀਰੋਂਕੇ ਕਲਾਂ (ਮਾਨਸਾ)
ਮੋਬਾਇਲ -946538-84271

## ਖਾਲਿਸਤਾਨੀ ਸੰਬੰਧਾਂ ਕਾਰਨ ਪੰਜਾਬੀ ਔਰਤ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ



ਬਟਾਲਾ, 18 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਰੈਫਰੈਂਡਮ-2020 ਦੇ ਨਾਂਅ ਨਾਲ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਦੇ ਰਾਹੀਂ ਉਕਸਾਉਣ ਵਾਲੀ ਤੇ ਖਾਲਿਸਤਾਨ ਪੱਖੀ ਜਥੇਬੰਦੀ ਨਾਲ ਜੁੜੀ ਇੱਕ ਔਰਤ ਕੁਲਬੀਰ ਕੌਰ, ਜੋ ਮਲੇਸ਼ੀਆ ਵਿੱਚ ਰਹਿੰਦੀ ਸੀ, ਨੂੰ ਬਟਾਲਾ ਪੁਲਸ ਨੇ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ।

ਕੱਲ੍ਹ ਸ਼ਾਮ ਇਸ ਔਰਤ ਨੂੰ ਬਟਾਲਾ ਡਿਊਟੀ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ ਛੇ ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ। ਬਟਾਲਾ ਦੇ ਡੀ ਐੱਸ ਪੀ ਸੰਜੀਵ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਸਾਲ ਪਹਿਲਾਂ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਨੇ ਥਾਣਾ ਰੰਗੜ ਨੰਗਲ ਦੇ ਪਿੰਡ ਧੰਦੋਈ ਦੇ ਬਸ ਅੱਡੇ ਉਤੇ ਸ਼ਰਾਬ ਦੇ ਠੇਕੇ ਨੂੰ ਅੱਗ ਲਾਈ ਸੀ। ਉਨ੍ਹਾਂ ਨੌਜਵਾਨਾਂ ਦੀ ਪੁੱਛਗਿੱਛ ਤੋਂ ਖੁਲਾਸਾ ਹੋਇਆ ਕਿ ਉਹ ਰੈਫਰੈਂਡਮ 2020 ਦੇ ਨਾਲ ਜੁੜੇ ਹਨ ਅਤੇ ਇਸ ਬਾਰੇ ਪੁਲਸ ਨੇ ਉਨ੍ਹਾਂ ਦੇ ਖਿਲਾਫ ਵੱਖ ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਡੀ ਐੱਸ ਪੀ ਨੇ ਦੱਸਿਆ ਕਿ ਇਸ ਕੇਸ ਵਿੱਚ ਉਕਤ ਔਰਤ ਦਾ ਨਾਂਅ ਆਇਆ ਸੀ ਤੇ ਉਸ ਦੇ ਖਿਲਾਫ ਕੇਸ ਵਿੱਚ ਉਸ ਨੂੰ ਫੜਨ ਦੇ ਵਾਰੰਟ ਵੀ ਜਾਰੀ ਹੋਏ ਸਨ। ਇਸ ਪਿੱਛੋਂ ਪੁਲਸ ਨੇ ਇਮੀਗਰੇਸ਼ਨ ਨੂੰ ਇਤਲਾਹ ਕੀਤੀ ਸੀ। ਪਰਸੋਂ ਜਦੋਂ ਉਹ ਮਲੇਸ਼ੀਆ ਤੋਂ ਆਈ ਤਾਂ ਦਿੱਲੀ ਹਵਾਈ ਅੱਡੇ 'ਤੇ ਇਮੀਗਰੇਸ਼ਨ ਨੇ ਪੁਲਸ ਨੂੰ ਫੜਾ ਦਿੱਤਾ। ਵਰਨਣ ਯੋਗ ਹੈ ਕਿ ਉਸ ਔਰਤ ਦੇ ਨਾਲ ਇੱਕ ਅੱਠ ਸਾਲ ਦਾ ਬੱਚਾ ਵੀ ਸੀ ਅਤੇ ਸੂਤਰਾਂ ਮੁਤਾਬਕ ਭਾਰਤ ਵੱਲੋਂ ਮਲੇਸ਼ੀਆ ਵਿੱਚ ਦਿੱਤੀ ਜਾਣਕਾਰੀ ਤੋਂ ਬਾਅਦ ਹੀ ਓਥੋਂ ਡਿਪੋਰਟ ਕਰ ਕੇ ਵਾਪਸ ਭੇਜੀ ਗਈ ਹੈ।

## ਪੰਜਾਬ ਦਾ ਗੈਂਗਸਟਰ ਸੁਖਪ੍ਰੀਤ ਬੁੱਢਾ ਰੋਮਾਨੀਆ ਵਿੱਚ ਗ੍ਰਿਫਤਾਰ

### * ਅੰਤਰ ਰਾਸ਼ਟਰੀ ਖਾਲਿਸਤਾਨੀ ਸੰਗਠਨਾਂ ਨਾਲ ਸੰਬੰਧਾਂ ਦਾ ਦੋਸ਼



ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਇੱਕ ਬਹੁਤ ਖਤਰਨਾਕ ਗੈਂਗਸਟਰ ਸੁਖਪ੍ਰੀਤ ਸਿੰਘ ਉਰਫ ਬੁੱਢਾ ਨੂੰ ਰੋਮਾਨੀਆ ਵਿੱਚ ਗ੍ਰਿਫਤਾਰ ਕਰ ਲਿਆ ਜਾਣ ਦੀ ਅੱਜ ਏਥੇ ਪੁਲਸ ਨੇ ਪੁਸ਼ਟੀ ਕੀਤੀ ਹੈ।

ਅੱਜ ਏਥੇ ਪੰਜਾਬ ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ 'ਮੋਸਟ ਵਾਂਟਿਡ' ਗੈਂਗਸਟਰ ਸੁਖਪ੍ਰੀਤ ਸਿੰਘ ਬੁੱਢਾ ਦੀ ਰੋਮਾਨੀਆ ਵਿਚ ਗ੍ਰਿਫ਼ਤਾਰੀ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ 'ਪੰਜਾਬ ਪੁਲਸ ਨੇ ਇੰਟਰਪੋਲ ਤੱਕ ਪਹੁੰਚ ਕਰ ਕੇ ਸੁਖਪ੍ਰੀਤ ਸਿੰਘ ਬੁੱਢਾ ਦੇ ਬਾਰੇ ਜਾਣਕਾਰੀ ਉਸ ਦੇ ਅਧਿਕਾਰੀਆਂ ਤੱਕ ਪੁਚਾਈ ਸੀ। ਇਸ ਤੋਂ ਪਹਿਲਾਂ ਸੀ ਬੀ ਆਈ ਤੱਕ ਪਹੁੰਚ ਕੀਤੀ ਗਈ ਸੀ, ਕਿਉਂਕਿ ਭਾਰਤ ਵੱਲੋਂ ਇੰਟਰਪੋਲ ਨਾਲ ਸੀ ਬੀ ਆਈ ਹੀ ਸਿੱਧਾ ਸੰਪਰਕ ਕਰ ਸਕਦੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉੱਚ ਪੱਧਰੀ ਸੂਤਰਾਂ ਤੋਂ ਅਜੇ ਸਿਰਫ਼ ਇਹੋ ਖ਼ਬਰ ਮਿਲੀ ਹੈ ਕਿ ਸੁਖਪ੍ਰੀਤ ਸਿੰਘ ਬੁੱਢਾ ਨੂੰ 4-5 ਦਿਨ ਪਹਿਲਾਂ ਰੋਮਾਨੀਆ ਦੇ ਇਕ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇੰਟਰਪੋਲ ਅਧਿਕਾਰੀ ਪੰਜਾਬ ਪੁਲਸ ਨਾਲ ਸਿੱਧਾ ਸੰਪਰਕ ਨਹੀਂ ਕਰਦੇ ਅਤੇ ਏਸੇ ਲਈ ਹਾਲੇ ਸੁਖਪ੍ਰੀਤ ਸਿੰਘ ਬੁੱਢਾ ਦੀ ਗ੍ਰਿਫ਼ਤਾਰੀ ਦੇ ਪੂਰੇ ਵੇਰਵਿਆਂ ਦੀ ਸੀ ਬੀ ਆਈ ਤੋਂ ਉਡੀਕ ਕੀਤੀ ਜਾ ਰਹੀ ਹੈ। ਪੁਲਿਸ ਦਾ ਦਾਅਵਾ ਹੈ ਕਿ ਸੁਖਪ੍ਰੀਤ ਸਿੰਘ ਬੁੱਢਾ ਨੇ ਆਪਣੇ ਸੰਪਰਕ ਤੇ ਸਬੰਧ ਕੁਝ ਖ਼ਾਲਿਸਤਾਨ-ਪੱਖੀ ਸੰਗਠਨਾਂ ਨਾਲ ਬਣਾ ਲਏ ਸਨ। ਸ਼ਾਇਦ ਏਸੇ ਲਈ ਯੂਰਪ ਦੇ ਕੁਝ ਖ਼ਾਲਿਸਤਾਨ ਪੱਖੀ ਸੰਗਠਨਾਂ ਨੇ ਆਪੋ ਆਪਣੇ ਫ਼ੇਸਬੁੱਕ ਖਾਤਿਆਂ ਉੱਤੇ ਸੁਖਪ੍ਰੀਤ ਸਿੰਘ ਬੁੱਢਾ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ।

ਵਰਨਣ ਯੋਗ ਹੈ ਕਿ ਸੁਖਪ੍ਰੀਤ ਸਿੰਘ ਬੁੱਢਾ ਨੇ 20 ਮਾਰਚ 2011 ਨੂੰ ਆਪਣੇ ਪਿੰਡ ਕੁੱਸਾ ਜ਼ਿਲਾ ਮੋਗਾ ਵਿੱਚ ਇਕ ਕਤਲ ਕੀਤਾ ਸੀ, ਜਿਸ ਬਾਰੇ ਉਸ ਨੂੰ 5 ਅਗਸਤ 2015 ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਅਗਲੇ ਸਾਲ 2016 ਵਿੱਚ ਉਹ ਜੇਲ੍ਹ ਤੋਂ ਪੈਰੋਲ ਉੱਤੇ ਬਾਹਰ ਆਇਆ ਤਾਂ ਫ਼ਰਾਰ ਹੋ ਗਿਆ ਸੀ। ਫਿਰ ਉਸ ਨੂੰ ਭਗੌੜਾ ਐਲਾਨ ਦਿੱਤਾ ਗਿਆ ਸੀ। 17 ਜਨਵਰੀ 2017 ਨੂੰ ਉਸ ਨੇ ਡੱਬਵਾਲੀ ਦੇ ਇਕ ਵਪਾਰੀ ਦਾ ਕਤਲ ਕੀਤਾ ਤੇ ਉਸੇ ਸਾਲ ਜੁਲਾਈ ਵਿੱਚ ਜੈਤੋ ਦੇ ਇਕ ਕਾਰੋਬਾਰੀ ਰਵਿੰਦਰ ਪੱਪੂ ਕੋਛੜ ਨੂੰ ਮਾਰ ਦਿੱਤਾ ਸੀ। ਜੂਨ 2017 ਵਿੱਚ ਉਸ ਨੇ ਆਪਣੇ ਸਾਥੀ ਨਾਲ ਮਿਲ ਕੇ ਇਕ ਪੋਲਟਰੀ ਫ਼ਾਰਮ ਦੇ ਮਾਲਕ ਹਰਦੇਵ ਸਿੰਘ ਗੋਗੀ ਜਟਾਣਾ ਵਾਸੀ ਰਾਮਪੁਰਾ ਫੂਲ (ਬਠਿੰਡਾ) ਦਾ ਕਤਲ ਕਰ ਦਿੱਤਾ ਸੀ।

## ਸਾਬਕਾ ਬਸਪਾ ਵਿਧਾਇਕ ਸਹੂੰਗੜਾ ਗੜ੍ਹਸ਼ੰਕਰ ਤੋਂ ਗ੍ਰਿਫਤਾਰ


### * ਹਿੰਦੂ ਦੇਵੀ-ਦੇਵਤਿਆਂ ਖਿਲਾਫ ਟਿਪਣੀਆਂ ਦਾ ਦੋਸ਼ ਲੱਗਾ



ਗੜ੍ਹਸ਼ੰਕਰ, 18 ਅਗਸਤ (ਪੋਸਟ ਬਿਊਰੋ)- ਬੀਤੇ ਦਿਨੀਂ ਨਵਾਂ ਸ਼ਹਿਰ ਵਿੱਚ ਹਿੰਦੂ ਦੇਵੀ ਦੇਵਤਿਆਂ ਖਿਲਾਫ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਭਾਰੀ ਵਿਰੋਧ ਦਾ ਸਾਹਮਣਾ ਕਰ ਰਹੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਕੱਲ੍ਹ ਗੜ੍ਹਸ਼ੰਕਰ ਦੇ ਤੋਂ ਜ਼ਿਲਾ ਨਵਾਂ ਸ਼ਹਿਰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਾਅਦ ਦੁਪਹਿਰ ਇਕ ਦਰਜਨ ਤੋਂ ਵਧੇਰੇ ਗੱਡੀਆਂ 'ਚ ਪਹੁੰਚੀ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਸ ਨੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਗੜ੍ਹਸ਼ੰਕਰ 'ਚ ਬਿਸਤ ਦੁਆਬ ਨਹਿਰ ਨੇੜੇ ਪੈਂਦੀ ਨਹਿਰ ਕਾਲੋਨੀ, ਵਾਰਡ ਨੰਬਰ 12 ਵਾਲੇ ਘਰ ਤੋਂ ਗ੍ਰਿਫਤਾਰ ਕੀਤਾ ਤੇ ਉਸ ਨੂੰ ਨਵਾਂ ਸ਼ਹਿਰ ਲੈ ਗਈ। ਪੁਲਸ ਵੱਲੋਂ ਇਹ ਕਾਰਵਾਈ ਬੇਹੱਦ ਗੁਪਤ ਰੂਪ ਵਿੱਚ ਕੀਤੀ ਗਈ। ਇਸ ਦੌਰਾਨ ਉਚ ਪੁਲਸ ਅਫਸਰਾਂ ਤੋਂ ਇਲਾਵਾ ਵੱਡੀ ਗਿਣਤੀ ਪੁਲਸ ਮੁਲਾਜ਼ਮ ਵੀ ਸਨ। ਸਾਬਕਾ ਵਿਧਾਇਕ ਦੀ ਗ੍ਰਿਫਤਾਰੀ ਦਾ ਮਾਮਲਾ ਗੜ੍ਹਸ਼ੰਕਰ ਪੁਲਸ ਦੇ ਧਿਆਨ ਵਿੱਚ ਸੀ। ਉਨ੍ਹਾਂ ਨੂੰ ਬਾਅਦ ਵਿੱਚ ਨਵਾਂ ਸ਼ਹਿਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਬਾਰੇ ਸਹੂੰਗੜਾ ਦੇ ਵਕੀਲ ਕ੍ਰਿਸ਼ਨ ਕੁਮਾਰ ਭੁੱਟਾ ਨੇ ਦੱਸਿਆ ਕਿ ਜਦੋਂ ਉਹ ਸਹੂੰਗੜਾ ਨਾਲ ਪੇਸ਼ ਹੋਏ ਤਾਂ ਪੁਲਸ ਨੇ ਜਿਹੜਾ ਪੱਤਰ ਪੇਸ਼ ਕੀਤਾ, ਉਸ ਤੋਂ ਪਤਾ ਲੱਗਾ ਕਿ ਸਹੂੰਗੜਾ ਦੇ ਖਿਲਾਫ ਥਾਣਾ ਸਿਟੀ ਨਵਾਂ ਸ਼ਹਿਰ 'ਚ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਦੀ ਪੁਲਸ ਨੇ ਸੂਹ ਨਹੀਂ ਸੀ ਨਿਕਲਣ ਦਿੱਤੀ ਅਤੇ ਗ੍ਰਿਫਤਾਰੀ ਹੋਣ ਤੱਕ ਗੱਲ ਦੱਬੀ ਰੱਖੀ ਸੀ।

## ਮਾਂ-ਧੀ ਨੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ



ਜਲੰਧਰ, 18 ਅਗਸਤ (ਪੋਸਟ ਬਿਊਰੋ)- ਇਸ ਮਹਾਨਗਰ ਦੇ ਸੋਢਲ ਰੇਲਵੇ ਫਾਟਕ 'ਤੇ ਗੇਟਮੈਨ ਓਦੋਂ ਹੈਰਾਨ ਰਹਿ ਗਿਆ, ਜਦੋਂ ਉਸ ਦੇ ਦੇਖਦੇ-ਦੇਖਦੇ ਮਾਂ-ਧੀ ਨੇ ਦੇਹਰਾਦੂਨ-ਅੰਮ੍ਰਿਤਸਰ ਰੇਲ ਗੱਡੀ ਅੱਗੇ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਇਹ ਘਟਨਾ ਕੱਲ੍ਹ ਸਵੇਰੇ ਲਗਭਗ ਸੱਤ ਵਜੇ ਦੀ ਦੱਸੀ ਜਾਂਦੀ ਹੈ।

ਥਾਣਾ ਜੀ ਆਰ ਪੀ ਦੇ ਐੱਸ ਐੱਚ ਓ ਧਰਮਿੰਦਰ ਕਲਿਆਣ ਅਨੁਸਾਰ ਮ੍ਰਿਤਕ ਔਰਤ ਦੀ ਪਛਾਣ ਚਾਲੀ ਸਾਲਾ ਰਮਨ ਬਾਲਾ ਪਤਨੀ ਸੁਰੇਸ਼ ਕੁਮਾਰ ਵਾਸੀ ਸੰਤੋਸ਼ੀ ਨਗਰ ਮੰਦਰ ਵਾਲੀ ਗਲੀ ਵਜੋਂ ਅਤੇ ਉਸ ਦੀ ਮ੍ਰਿਤਕਾ 12 ਸਾਲਾ ਧੀ ਦੀ ਪਛਾਣ ਹਰਸ਼ਿਤਾ ਪੁੱਤਰੀ ਸੁਰੇਸ਼ ਕੁਮਾਰ ਵਜੋਂ ਹੋਈ ਹੈ। ਇਸ ਕੇਸ ਦੀ ਜਾਂਚ ਕਰ ਰਹੇ ਏ ਐੱਸ ਆਈ ਕਰਨੈਲ ਸਿੰਘ ਅਨੁਸਾਰ ਮ੍ਰਿਤਕਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦੇ ਥਾਣਾ ਦੇਹਰਾ ਗੋਪੀਪੁਰ ਦੇ ਪਿੰਡ ਡਾਡਾ ਸ਼ਿਬਾ ਦੀ ਰਹਿਣ ਵਾਲੀ ਸੀ ਤੇ ਉਹ ਜਲੰਧਰ ਦੇ ਸੁਰੇਸ਼ ਕੁਮਾਰ ਨਾਲ ਵਿਆਹੀ ਸੀ ਜਿਹੜਾ ਏਥੇ ਕਲੀਨਿਕ ਚਲਾਉਂਦਾ ਹੈ। ਮ੍ਰਿਤਕਾ ਦੇ ਪਿਤਾ ਸ਼ੇਰ ਸਿੰਘ ਅਨੁਸਾਰ ਉਨ੍ਹਾਂ ਦੀ ਧੀ ਡਿਪਰੈਸ਼ਨ ਵਿੱਚ ਰਹਿੰਦੀ ਸੀ ਅਤੇ ਦਿਮਾਗੀ ਤੌਰ 'ਤੇ ਠੀਕ ਨਹੀਂ ਸੀ। ਉਨ੍ਹਾਂ ਨੇ ਆਪਣੇ ਜਵਾਈ 'ਤੇ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਪ੍ਰਗਟ ਨਹੀਂ ਕੀਤਾ ਅਤੇ ਨਾ ਉਸ ਨੇ ਕੋਈ ਸ਼ਿਕਾਇਤ ਕੀਤੀ ਹੈ।

ਜਾਂਚ ਅਧਿਕਾਰੀ ਕਰਨੈਲ ਸਿੰਘ ਦੇ ਅਨੁਸਾਰ ਮ੍ਰਿਤਕਾ ਦਾ 15 ਸਾਲਾ ਪੁੱਤਰ ਵੀ ਹੈ, ਜਿਹੜਾ ਨਾਨਕੇ ਰਹਿੰਦਾ ਹੈ।

## ਚੁੰਨੀ ਚੜ੍ਹਾ ਕੇ ਵਿਆਹੀ ਪਤਨੀ ਵੀ ਵੱਖ ਹੋ ਗਈ ਤਾਂ ਗੁਜ਼ਾਰਾ ਭੱਤਾ ਦੇਣਾ ਪਵੇਗਾ




ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਕਿਸੇ ਔਰਤ ਦੇ ਨਾਲ ਚੁੰਨੀ ਚੜ੍ਹਾ ਕੇ ਕੀਤੇ ਗਏ ਵਿਆਹ ਨੂੰ ਵੀ ਹਾਈ ਕੋਰਟ ਨੇ ਜਾਇਜ਼ ਵਿਆਹ ਮੰਨ ਕੇ ਫੈਸਲਾ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਰੀਤੀ-ਰਿਵਾਜ ਨਾਲ ਕੀਤਾ ਗਿਆ ਵਿਆਹ ਵੀ ਜਾਇਜ਼ ਹੈ ਅਤੇ ਇਸ ਵਿਆਹ ਦੇ ਬਾਅਦ ਜੇ ਪਤੀ-ਪਤਨੀ ਵੱਖੋ-ਵੱਖ ਹੋ ਜਾਂਦੇ ਹਨ ਤਾਂ ਪਤੀ ਆਪਣੀ ਅਲੱਗ ਰਹਿ ਰਹੀ ਪਤਨੀ ਨੂੰ ਮਹੀਨਾ ਵਾਰ ਗੁਜ਼ਾਰਾ ਭੱਤਾ ਦੇਣ ਦਾ ਜ਼ਿਮੇਵਾਰ ਹੋਵੇਗਾ।

ਇਹ ਬੇਹੱਦ ਹੀ ਮਹੱਤਵ ਪੂਰਨ ਫੈਸਲਾ ਸੁਣਾਉਂਦੇ ਹੋਏ ਹਾਈ ਕੋਰਟ ਨੇ ਪਤੀ ਦੀ ਉਹ ਅਰਜ਼ੀ ਰੱਦ ਕਰ ਦਿੱਤੀ ਹੈ, ਜਿਸ ਵਿੱਚ ਪਤੀ ਨੇ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਜ਼ਿਲ੍ਹਾ ਅਦਾਲਤ ਨੇ ਪਤੀ ਨੂੰ ਆਪਣੀ ਵੱਖ ਰਹਿੰਦੀ ਪਤਨੀ ਨੂੰ 3000 ਹਜ਼ਾਰ ਰੁਪਏ ਮਹੀਨਾ ਗੁਜ਼ਾਰਾ ਭੱਤਾ ਦੇਣ ਦੇ ਹੁਕਮ ਦਿੱਤੇ ਸਨ। ਪਤੀ ਨੇ ਜ਼ਿਲ੍ਹਾ ਅਦਾਲਤ ਦੇ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੰਦੇ ਹੋਏ ਕਿਹਾ ਕਿ ਉਸ ਦੀ ਸਿਰਫ ਮੰਗਣੀ ਹੋਈ ਸੀ, ਵਿਆਹ ਨਹੀਂ ਹੋਇਆ ਸੀ, ਇਸ ਲਈ ਉਹ ਮਹੀਨਾਵਾਰ ਗੁਜ਼ਾਰਾ ਭੱਤਾ ਨਹੀਂ ਦੇ ਸਕਦਾ। ਦੂਸਰੇ ਪਾਸੇ ਪਤਨੀ ਵੱਲੋਂ ਕਿਹਾ ਗਿਆ ਕਿ ਦੋਵਾਂ ਦਾ ਇਹ ਦੂਸਰਾ ਵਿਆਹ ਸੀ। ਇਸ ਲਈ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਗੁਰਦੁਆਰੇ ਦੇ ਗ੍ਰੰਥੀ ਦੀ ਮੌਜੂਦਗੀ ਵਿੱਚ ਘਰ ਵਿੱਚ ਹੀ ਉਸ ਦੇ ਪਤੀ ਨੇ ਉਸ ਨੂੰ ਚੁੰਨੀ ਚੜ੍ਹਾ ਕੇ ਵਿਆਹ ਕਰਵਾ ਲਿਆ ਸੀ ਅਤੇ ਇਸ ਦੌਰਾਨ ਦੋਵਾਂ ਦੇ ਰਿਸ਼ਤੇਦਾਰ ਵੀ ਮੌਜੂਦ ਸਨ। ਚੁੰਨੀ ਚੜ੍ਹਾ ਕੇ ਕੀਤੇ ਇਸ ਵਿਆਹ ਦੇ ਬਾਅਦ ਦੋਵੇਂ ਇਕੱਠੇ ਵੀ ਰਹੇ, ਪਰ ਬਾਅਦ ਵਿੱਚ ਪਤੀ ਵੱਲੋਂ ਤੰਗ ਕੀਤੇ ਜਾਣ ਉੱਤੇ ਪਤਨੀ ਵੱਖ ਰਹਿਣ ਲਈ ਮਜਬੂਰ ਹੋ ਗਈ। ਚੁੰਨੀ ਚੜ੍ਹਾ ਕੇ ਵਿਆਹ ਕੀਤੇ ਜਾਣ ਦਾ ਪੰਜਾਬ, ਹਰਿਆਣਾ ਅਤੇ ਕੁਝ ਹੋਰ ਰਾਜਾਂ ਵਿੱਚ ਰਿਵਾਜ ਹੈ, ਇਸ ਲਈ ਇਸ ਨੂੰ ਵਿਆਹ ਮੰਨ ਕੇ ਉਸ ਨੂੰ ਗੁਜ਼ਾਰਾ ਭੱਤਾ ਮਿਲਣਾ ਚਾਹੀਦਾ ਹੈ। ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਪਤਨੀ ਦੀ ਦਲੀਲ ਨੂੰ ਸਹੀ ਮੰਨ ਕੇ ਉਸ ਨੂੰ ਮਹੀਨਾਵਾਰ ਗੁਜ਼ਾਰਾ ਭੱਤਾ ਦੇਣ ਲਈ ਪਤੀ ਨੂੰ ਹੁਕਮ ਦਿੱਤੇ ਸਨ ਅਤੇ ਪਤੀ ਨੇ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ। ਹਾਈ ਕੋਰਟ ਨੇ ਦੋਵਾਂ ਧਿਰਾਂ ਨੂੰ ਸੁਣਨ ਪਿੱਛੋਂ ਜ਼ਿਲ੍ਹਾ ਅਦਾਲਤ ਦੇ ਫੈਸਲੇ ਨੂੰ ਸਹੀ ਮੰਨ ਕੇ ਪਤੀ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

## ਚੰਡੀਗੜ੍ਹ ਵਿੱਚ ਅਬੋਹਰ ਦੀਆਂ ਦੋ ਭੈਣਾਂ ਦੇ ਕਤਲ ਲਈ ਥਾਣੇਦਾਰ ਦਾ ਪੁੱਤਰ ਗ੍ਰਿਫਤਾਰ

ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਇਥੇ ਸੈਕਟਰ 22 ਵਿੱਚ ਕਿਰਾਏ 'ਤੇ ਰਹਿੰਦੀਆਂ ਪਿੰਡ ਬਲੂਆਣਾ, ਅਬੋਹਰ, (ਫਾਜ਼ਿਲਕਾ) ਦੀਆਂ ਦੋ ਭੈਣਾਂ ਮਨਪ੍ਰੀਤ ਕੌਰ (25) ਅਤੇ ਰਾਜਵੰਤ ਕੌਰ (24) ਦਾ ਆਜ਼ਾਦੀ ਦਿਨ ਤੇ ਰੱਖੜੀ ਵਾਲੇ ਦਿਨ ਕਤਲ ਕਰ ਦਿੱਤਾ ਗਿਆ। ਪੁਲਸ ਨੇ ਇਸ ਕੇਸ ਵਿੱਚ ਜ਼ੀਰਕਪੁਰ ਦੇ ਕੁਲਦੀਪ ਸਿੰਘ (30) ਨੂੰ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕਰ ਲਿਆ ਹੈ, ਜਿਹੜਾ ਚੰਡੀਗੜ੍ਹ ਪੁਲਸ ਦੇ ਸੇਵਾਮੁਕਤ ਥਾਣੇਦਾਰ ਦਾ ਪੁੱਤਰ ਹੈ।

ਚੰਡੀਗੜ੍ਹ ਦੀ ਐਸ ਐਸ ਪੀ ਨੀਲਾਂਬਰੀ ਜਗਦਲੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰੱਖੜੀ ਵਾਲੇ ਦਿਨ ਸਤਵਿੰਦਰ ਸਿੰਘ ਨੇ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਸੈਕਟਰ 22-ਸੀ ਦੇ ਮਕਾਨ ਨੰਬਰ 2598 ਦੀ ਦੂਸਰੀ ਮੰਜ਼ਿਲ 'ਤੇ ਉਨ੍ਹਾਂ ਦੇ ਜਾਣਕਾਰਾਂ ਦੀਆਂ ਦੋ ਲੜਕੀਆਂ ਫੋਨ ਨਹੀਂ ਚੁੱਕ ਰਹੀਆਂ ਅਤੇ ਉਨ੍ਹਾਂ ਦੇ ਕਮਰੇ ਦੇ ਬਾਹਰ ਤਾਲਾ ਲੱਗਾ ਹੋਇਆ ਹੈ। ਪੁਲਸ ਨੇ ਜਾ ਕੇ ਜਦੋਂ ਤਾਲਾ ਤੋੜਿਆ ਤਾਂ ਦੋਵੇਂ ਭੈਣਾਂ ਦੀਆਂ ਲਾਸ਼ਾਂ ਖ਼ੂਨ ਨਾਲ ਲਥਪਥ ਪਈਆਂ ਸਨ। ਮਕਾਨ ਦੀ ਪਹਿਲੀ ਮੰਜ਼ਿਲ ਉੱਤੇ ਰਹਿੰਦੀ ਸ਼ਸ਼ੀ ਬਾਲਾ ਨੇ ਪੁਲਸ ਨੂੰ ਦੱਸਿਆ ਕਿ 15 ਅਗਸਤ ਨੂੰ ਤੜਕੇ ਉਨ੍ਹਾਂ ਨੂੰ ਮਨਪ੍ਰੀਤ ਦੀ ਆਵਾਜ਼ ਆ ਰਹੀ ਸੀ। ਸ਼ਸ਼ੀ ਨੇ ਦੱਸਿਆ ਕਿ ਉਹ ਆਵਾਜ਼ ਸੁਣ ਕੇ ਦੂਸਰੀ ਮੰਜ਼ਿਲ ਉੱਤੇ ਗਈ ਅਤੇ ਜਦੋਂ ਉਸ ਨੇ ਦਰਵਾਜ਼ਾ ਖੋਲ੍ਹ ਕੇ ਕਮਰੇ ਦੇ ਅੰਦਰ ਦੇਖਣ ਦਾ ਯਤਨ ਕੀਤਾ ਤਾਂ ਉਥੇ ਕੁਲਦੀਪ ਖੜਾ ਸੀ, ਜੋ ਅਕਸਰ ਆਉਂਦਾ ਜਾਂਦਾ ਸੀ। ਕੁਲਦੀਪ ਨੇ ਸ਼ਸ਼ੀ ਨੂੰ ਇਹ ਕਹਿ ਕੇ ਦਰਵਾਜ਼ਾ ਬੰਦ ਕਰ ਦਿੱਤਾ ਕਿ ਕੁਝ ਨਹੀਂ ਹੋਇਆ। ਉਸ ਨੇ ਦੱਸਿਆ ਕਿ ਫਿਰ ਕੁਲਦੀਪ ਲੜਕੀਆਂ ਦੇ ਕਮਰੇ ਦੇ ਬਾਹਰ ਤਾਲਾ ਲਾ ਕੇ ਚਲਾ ਗਿਆ ਸੀ। ਗੁਆਂਢ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਦੋਸ਼ੀ ਉਥੋਂ ਤੇਜ਼ੀ ਨਾਲ ਜਾਂਦਾ ਕੈਦ ਹੋ ਗਿਆ ਸੀ।

ਇਸ ਸੰਬੰਧ ਵਿੱਚ ਐਸ ਐਸ ਪੀ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਕੁਲਦੀਪ ਸਿੰਘ ਦੋਵੇਂ ਭੈਣਾਂ ਨੂੰ ਕਈ ਸਾਲਾਂ ਤੋਂ ਜਾਣਦਾ ਸੀ। ਦੋਵੇਂ ਕੁੜੀਆਂ ਜ਼ੀਰਕਪੁਰ ਵਿੱਚ ਕੰਮ ਕਰਦੀਆਂ ਸਨ। ਪੁਲਸ ਅਨੁਸਾਰ ਕੁਲਦੀਪ ਵੱਡੀ ਭੈਣ ਮਨਪ੍ਰੀਤ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ ਅਤੇ ਇਸੇ ਗੱਲ ਤੋਂ ਦੋਵਾਂ ਵਿਚਕਾਰ ਕਿਸੇ ਗੱਲੋਂ ਕੁੜੱਤਣ ਚੱਲ ਰਹੀ ਸੀ।

## ਰਤਵਾੜਾ ਸਾਹਿਬ ਗੁਰਦੁਆਰੇ ਦੇ ਮੁਖੀ ਦੀ ਕੋਠੀ ਦੇ ਸੇਵਾਦਾਰ ਨੇ ਖੁਦਕੁਸ਼ੀ ਕੀਤੀ

ਮੋਹਾਲੀ, 18 ਅਗਸਤ (ਪੋਸਟ ਬਿਊਰੋ)- ਰਤਵਾੜਾ ਸਾਹਿਬ ਗੁਰ-ਦੁਆਰੇ ਦੇ ਸਵਰਗੀ ਮੁਖੀ ਬਾਬਾ ਵਰਿਆਮ ਸਿੰਘ ਦੀ ਕੋਠੀ ਦੇ ਸੇਵਾਦਾਰ ਨੇ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦੀ ਪਛਾਣ ਜੱਗਾ (23) ਵਾਸੀ ਫੇਜ਼-3 ਬੀ-1 ਦੇ ਰੂਪ ਵਿੱਚ ਹੋਈ ਹੈ। ਉਹ ਇਸ ਕੋਠੀ ਵਿੱਚ ਕਾਫੀ ਸਮੇਂ ਤੋਂ ਰਹਿ ਰਿਹਾ ਸੀ। ਪੁਲਸ ਨੂੰ ਮੌਕੇ ਤੋਂ ਕਾਗਜ਼ ਮਿਲਿਆ ਹੈ ਜਿਸ ਵਿੱਚ ਸਿਰਫ ਬਾਬਾ ਜੀ ਦੇ ਨਾਂਅ ਬੇਨਤੀ ਲਿਖੀ ਹੈ ਕਿ ਬਾਬਾ ਜੀ ਸਭ ਦਾ ਭਲਾ ਕਰਨਾ।

ਸੂਚਨਾ ਮਿਲਦੇ ਸਾਰ ਪਹੁੰਚੀ ਪੁਲਸ ਨੇ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤਾ ਹੈ, ਪ੍ਰੰਤੂ ਇਸ ਬਾਰੇ ਅਗਲੀ ਕਾਰਵਾਈ ਬਾਬਾ ਲਖਵੀਰ ਸਿੰਘ ਦੇ ਆਉਣ 'ਤੇ ਹੋਵੇਗਾ। ਕੋਠੀ ਵਿਚਲੇ ਹੋਰ ਸੇਵਾਦਾਰਾਂ ਨੇ ਦੱਸਿਆ ਕਿ ਬਾਬਾ ਲਖਵੀਰ ਸਿੰਘ ਬਾਹਰ ਗਏ ਹਨ ਅਤੇ ਜਲਦੀ ਵਾਪਸ ਆ ਰਹੇ ਹਨ। ਪੁਲਸ ਨੂੰ ਕੱਲ੍ਹ ਦੁਪਹਿਰ ਸੂਚਨਾ ਮਿਲੀ ਸੀ ਕਿ ਫੇਜ਼-3-ਬੀ-1 ਦੀ ਕੋਠੀ ਨੰਬਰ 781 ਵਿੱਚ ਇੱਕ ਨੌਜਵਾਨ ਨੇ ਖੁਦਕੁਸ਼ੀ ਕਰ ਲਈ ਹੈ। ਇਸ ਪਿੱਛੋਂ ਐੱਸ ਐੱਚ ਓ ਰਾਜੀਵ ਕੁਮਾਰ ਅਤੇ ਹੋਰ ਪੁਲਸ ਵਾਲੇ ਮੌਕੇ ਉੱਤੇ ਪਹੁੰਚੇ ਤਾਂ ਪੱਖੇ ਨਾਲ ਪਟਕਾ ਬੰਨ੍ਹ ਕੇ ਲਟਕੇ ਹੋਏ ਸੇਵਾਦਾਰ ਜੱਗਾ ਦੀ ਲਾਸ਼ ਨੂੰ ਉਤਾਰਿਆ। ਪੁਲਸ ਨੂੰ ਘਟਨਾ ਵਾਲੀ ਜਗ੍ਹਾ ਦੀ ਤਲਾਸ਼ੀ ਵਿੱਚ ਇੱਕ ਪਰਚੀ ਮਿਲੀ ਜਿਸ ਉਤੇ ਜੱਗਾ ਨੇ ਬਾਬਾ ਜੀ ਨੂੰ ਬੇਨਤੀ ਲਿਖੀ ਸੀ। ਮ੍ਰਿਤਕ ਦੇ ਸਾਥੀ ਸੇਵਾਦਾਰ ਗੁਰਜੀਤ ਸਿੰਘ ਨੇ ਦੱਸਿਆ ਕਿ ਉਹ ਦੋਵੇਂ ਕਾਫੀ ਸਮੇਂ ਤੋਂ ਇਸ ਕੋਠੀ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਬਾਬਾ ਲਖਵੀਰ ਸਿੰਘ ਨੇ ਕੋਠੀ ਦੀ ਦੇਖ ਰੇਖ ਅਤੇ ਸੇਵਾ ਲਈ ਰੱਖਿਆ ਹੋਇਆ ਸੀ। ਸੇਵਾਦਾਰ ਗੁਰਜੀਤ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਦੁਪਹਿਰ ਕਰੀਬ ਤਿੰਨ ਵਜੇ ਜੱਗਾ ਬਾਬਾ ਲਖਵੀਰ ਸਿੰਘ ਦੇ ਨਾਲ ਕੋਠੀ ਵਿੱਚ ਆਇਆ ਸੀ। ਉਸ ਪਿੱਛੋਂ ਬਾਬਾ ਜੀ ਕਿਤੇ ਬਾਹਰ ਚਲੇ ਗਏ। ਜੱਗਾ ਖਾਣਾ ਖਾਣ ਪਿੱਛੋਂ ਆਪਣੇ ਕਮਰੇ ਵਿੱਚ ਆਰਾਮ ਕਰਨ ਚਲਾ ਗਿਆ ਤੇ ਰਾਤ ਨੂੰ ਵੀ ਨਹੀਂ ਉਠਿਆ ਤਾਂ ਉਨ੍ਹਾਂ ਨੇ ਸੋਚਿਆ ਕੀ ਗਹਿਰੀ ਨੀਂਦ ਵਿੱਚ ਹੈ, ਇਸ ਲਈ ਨਹੀਂ ਉਠਾਇਆ। ਸਵੇਰੇ ਦਰਵਾਜ਼ਾ ਖੜਕਾਇਆ ਤਾਂ ਉਸ ਨੇ ਨਹੀਂ ਖੋਲ੍ਹਿਆ। ਦੁਪਹਰ 12 ਵਜੇ ਉਨ੍ਹਾਂ ਫਿਰ ਖਾਣੇ ਲਈ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਜਦ ਖਿੜਕੀ ਤੋਂ ਝਾਕ ਕੇ ਦੇਖਿਆ ਤਾਂ ਉਹ ਪੱਖੇ ਨਾਲ ਲਟਕ ਰਿਹਾ ਸੀ। ਇਸ ਦੇ ਬਾਅਦ ਉਸ ਨੇ ਆਈ ਸੰਗਤ ਨੂੰ ਦੱਸਿਆ ਅਤੇ ਸੰਗਤ ਨੇ ਪੁਲਸ ਨੂੰ ਸੂਚਨਾ ਦਿੱਤੀ।

## ਬਰਗਾੜੀ ਕੇਸ ਵਿੱਚ ਕੈਪਟਨ ਅਮਰਿੰਦਰ ਵੱਲੋਂ ਕਾਂਗਰਸੀ ਐੱਮ ਪੀ ਬਾਜਵਾ ਦੀ ਝਾੜ-ਝੰਬ

### * ਬਾਜਵਾ ਨੂੰ ਪਤਾ ਨਹੀਂ ਜਾਂ ਸ਼ਰਾਰਤ ਕਰ ਰਿਹੈ: ਅਮਰਿੰਦਰ



ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕੇਸ ਸੀ ਬੀ ਆਈ ਕੋਲੋਂ ਵਾਪਸ ਲੈਣ ਵਾਲੇ ਨਾਜ਼ੁਕ ਅਤੇ ਸੰਵੇਦਨਸ਼ੀਲ ਮਾਮਲੇ ਉੱਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਝਾੜ ਪਾਈ ਅਤੇ ਬਾਜਵਾ ਵਲੋਂ ਐਡਵੋਕੇਟ ਜਨਰਲ ਦੇ ਦਫ਼ਤਰ ਉਤੇ ਪੰਜਾਬ ਸਰਕਾਰ ਅਤੇ ਵਿਧਾਨ ਸਭਾ ਗੁੰਮਰਾਹ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ।

ਅੱਜ ਏਥੇ ਜਾਰੀ ਕੀਤੇ ਇਕ ਬਿਆਨ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਵਲੋਂ ਮੀਡੀਆ ਨੂੰ ਦਿੱਤੇ ਗਏ ਇਸ ਬਿਆਨ ਨੂੰ ਕਰੜੇ ਹੱਥੀਂ ਲਿਆ ਕਿ ਜਾਂ ਤਾਂ ਬਾਜਵਾ ਇਸ ਮੁੱਦੇ ਤੋਂ ਅਣਜਾਨ ਹੈ ਜਾਂ ਫਿਰ ਜਾਣ-ਬੁੱਝ ਕੇ ਸ਼ਰਾਰਤ ਕੀਤੀ ਗਈ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਵਿੱਚ ਬਾਜਵਾ ਦੇ ਬਿਆਨ ਨੂੰ ਪੂਰੀ ਤਰ੍ਹਾਂ ਆਧਾਰਹੀਣ ਕਿਹਾ ਹੈ। ਇਸ ਦੇ ਨਾਲ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਬਾਰੇ ਮੁੱਖ ਮੰਤਰੀ ਨੇ ਸਾਫ ਕੀਤਾ ਕਿ ਇਹ ਫ਼ੈਸਲਾ ਵਿਧਾਨ ਸਭਾ ਦੇ ਸਦਨ ਨੇ ਲਿਆ ਸੀ, ਜਿਹੜਾ ਮੈਰਿਟ ਦੇ ਆਧਾਰ ਉੱਤੇ ਅਤੇ ਐਡਵੋਕੇਟ ਜਨਰਲ ਦਫ਼ਤਰ ਦੀਆਂ ਸਿਫਾਰਸ਼ਾਂ ਮੁਤਾਬਕ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਹਿੱਤਾਂ ਦਾ ਧਿਆਨ ਰਖਦਿਆਂ ਕੇਂਦਰੀ ਏਜੰਸੀ ਤੋਂ ਕੇਸ ਵਾਪਸ ਲੈਣ ਦਾ ਮਤਾ ਸਦਨ ਵਿਚ ਲਿਆਉਣ ਤੋਂ ਪਹਿਲਾਂ ਐਡਵੋਕੇਟ ਜਨਰਲ ਦੀ ਸਲਾਹ ਮੰਗੀ ਸੀ ਤੇ ਇਸ ਬਾਰੇ ਐਡਵੋਕੇਟ ਜਨਰਲ ਦੀਆਂ ਸਿਫ਼ਾਰਸ਼ਾਂ ਜਾਂ ਰਿਪੋਰਟ ਨੂੰ ਸਦਨ ਵਿਚ ਪੇਸ਼ ਨਹੀਂ ਸੀ ਕੀਤਾ, ਸਗੋਂ ਇਸ ਬਾਰੇ ਮੈਰਿਟ ਉੱਤੇ ਸਹਿਮਤੀ ਦੇ ਨਾਲ ਆਜ਼ਾਦ ਫ਼ੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਬਾਜਵਾ ਨੂੰ ਇਸ ਦਾ ਕੋਈ ਗਿਆਨ ਨਹੀਂ ਕਿ ਐਡਵੋਕੇਟ ਜਨਰਲ ਨੇ ਕੀ ਸਿਫ਼ਾਰਸ਼ ਕੀਤੀ ਸੀ, ਬਾਜਵਾ ਵਲੋਂ ਲਾਏ ਦੋਸ਼ ਸਰਾਸਰ ਬੇਬੁਨਿਆਦ ਅਤੇ ਤੱਥਾਂ ਤੋਂ ਕੋਰੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਪਸ਼ਟ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਘੋਖਣ ਦੀ ਲੋੜ ਨਹੀਂ ਸਮਝੀ, ਜਦ ਕਿ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਬਾਰੇ ਰਾਜ ਸਰਕਾਰ ਦੇ ਫੈਸਲੇ ਨੂੰ ਅਦਾਲਤ ਨੇ ਕਾਇਮ ਰੱਖਿਆ ਸੀ। ਹਾਈ ਕੋਰਟ ਨੇ 25 ਜਨਵਰੀ 2018 ਦੇ ਫ਼ੈਸਲੇ ਵਿਚ ਸੀ ਬੀ ਆਈ ਤੋਂ ਇਸ ਦੀ ਜਾਂਚ ਵਾਪਸ ਲੈਣ ਵਿਚ ਰਾਜ ਸਰਕਾਰ ਦੀ ਕਾਰਵਾਈ ਦੀ ਕਾਨੂੰਨੀ ਪੁਜ਼ੀਸ਼ਨ ਨੂੰ ਸਾਫ਼ ਤੌਰ ਉੱਤੇ ਕਾਇਮ ਰੱਖਿਆ ਸੀ ਤੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵਿੱਚ ਭਰੋਸਾ ਜ਼ਾਹਰ ਕੀਤਾ ਸੀ। ਮੁੱਖ ਮੰਤਰੀ ਨੇ ਇਹ ਵੀ ਚੇਤੇ ਕਰਾਇਆ ਕਿ ਸੀ ਬੀ ਆਈ ਨੇ ਇਸ ਫ਼ੈਸਲੇ ਨੂੰ ਚੁਣੌਤੀ ਨਹੀਂ ਦਿੱਤੀ, ਇਸ ਕਰ ਕੇ ਇਸ ਦੀ ਕਾਨੂੰਨੀ ਸਥਿਤੀ ਬਾਰੇ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਨੇ ਬਾਜਵਾ ਵਲੋਂ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਬਿਆਨਾਂ ਨਾਲ ਗਲਤਫ਼ਹਿਮੀ ਪੈਦਾ ਕਰਨ ਦੀ ਸਖ਼ਤ ਨਿੰਦਾ ਕੀਤੀ।

## ਪੁਲਸ ਵਿੱਚ ਨੌਕਰੀ ਦਿਵਾਉਣ ਬਹਾਨੇ 2.50 ਲੱਖ ਰੁਪਏ ਠੱਗੇ




ਲੁਧਿਆਣਾ, 18 ਅਗਸਤ (ਪੋਸਟ ਬਿਊਰੋ)- ਇੱਕ ਕਾਰੋਬਾਰੀ ਦੇ ਬੇਟੇ ਨੂੰ ਪੰਜਾਬ ਪੁਲਸ ਦੀ ਨੌਕਰੀ ਦਿਵਾਉਣ ਦੇ ਨਾਂਅ 'ਤੇ ਇੱਕ ਵਿਅਕਤੀ ਨੇ ਖੁਦ ਨੂੰ ਡੀ ਐਸ ਪੀ ਦੱਸ ਕੇ 2.50 ਲੱਖ ਦੀ ਠੱਗੀ ਮਾਰ ਲਈ ਹੈ। ਪੀੜਤ ਸੁਨੀਲ ਕੁਮਾਰ ਨੇ ਉਸ ਠੱਗ ਨੂੰ ਕਈ ਫੋਨ ਕੀਤੇ, ਪਰ ਉਸ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ ਤਾਂ ਠੱਗੀ ਦਾ ਪਤਾ ਲੱਗਾ। ਮਿਲੀ ਜਾਣਕਾਰੀ ਅਨੁਸਾਰ ਸ਼ਖਸ ਦੇ ਖਿਲਾਫ ਪਹਿਲਾਂ ਵੀ ਮਾਮਲੇ ਦਰਜ ਹਨ।

ਸੁਨੀਲ ਨੇ ਦੱਸਿਆ ਕਿ ਉਨ੍ਹਾਂ ਦੀ ਸਟੀਲ ਦੀਆਂ ਚਾਦਰਾਂ ਬਣਾਉਣ ਦੀ ਫੈਕਟਰੀ ਹੈ। ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਇੱਕ ਦੋਸਤ ਦੇ ਰਾਹੀਂ ਉਨ੍ਹਾਂ ਨੂੰ ਇੱਕ ਸ਼ਖਸ ਮਿਲਿਆ, ਜੋ ਖੁਦ ਨੂੰ ਡੀ ਐਸ ਪੀ ਦੱਸਦਾ ਸੀ ਤੇ ਉਸ ਨੇ ਕਿਹਾ ਕਿ ਇਨ੍ਹੀਂ ਦਿਨੀਂ ਉਸ ਨੂੰ ਵਿਭਾਗ ਨੇ ਸਸਪੈਂਡ ਕੀਤਾ ਹੋਇਆ ਹੈ, ਪਰ ਜਲਦੀ ਉਸ ਨੂੰ ਬਹਾਲ ਕਰ ਦਿੱਤਾ ਜਾਏਗਾ। ਇਨ੍ਹਾਂ ਗੱਲਾਂ ਵਿੱਚ ਉਲਝਾ ਕੇ ਉਸ ਸ਼ਖਸ ਨੇ ਉਸ ਨੂੰ ਕਿਹਾ ਕਿ ਉਹ ਉਸ ਦੇ ਬੇਟੇ ਨੂੰ ਪੁਲਸ ਵਿੱਚ ਭਰਤੀ ਕਰਵਾ ਦੇਵੇਗਾ, ਕਿਉਂਕਿ ਉਸ ਦੀ ਚੰਡੀਗੜ੍ਹ ਵਿੱਚ ਵੱਡੇ ਅਫਸਰਾਂ ਨਾਲ ਚੰਗੀ ਜਾਣ ਪਛਾਣ ਹੈ। ਇਸ ਲਈ ਉਹ ਉਸ ਨੂੰ ਭਰਤੀ ਕਰਵਾ ਦੇਵੇਗਾ, ਪਰ ਉਸ ਦੇ ਲਈ ਪੈਸੇ ਲੱਗਣਗੇ। ਇਹ ਗੱਲ ਕਹਿ ਕੇ ਉਹ ਉਨ੍ਹਾਂ ਤੋਂ ਸਮੇਂ-ਸਮੇਂ ਕਦੇ 20 ਹਜ਼ਾਰ ਤਾਂ ਕਦੇ ਤੀਹ ਹਜ਼ਾਰ ਲੈਂਦਾ ਰਿਹਾ। ਇਸ ਤਰ੍ਹਾਂ 2.50 ਲੱਖ ਰੁਪਏ ਲੈ ਲਏ, ਪਰ ਉਨ੍ਹਾਂ ਦੇ ਬੇਟੇ ਨੂੰ ਭਰਤੀ ਨਹੀਂ ਕਰਾਇਆ। ਫਿਰ ਦੋਸ਼ੀ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ। ਉਨ੍ਹਾਂ ਨੇ ਆਪਣੇ ਦੋਸਤ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਸ਼ਖਸ ਠੱਗ ਹੈ, ਉਸ ਦੇ ਖਿਲਾਫ ਪਹਿਲਾਂ ਵੀ ਧੋਖਾਧੜੀ ਦੇ ਕੇਸ ਦਰਜ ਹਨ। ਪੀੜਤ ਨੇ ਆਨਲਾਈਨ ਯੂ-ਟਿਊਬ ਉੱਤੇ ਵੀਡੀਓ ਦੇਖੀ, ਜਿਸ ਵਿੱਚ ਬਸ ਸਟੈਂਡ ਚੌਕੀ ਪੁਲਸ ਨੇ ਉਸ ਨੂੰ ਫੜਿਆ ਸੀ। ਉਸ ਦੇ ਦੋਸਤ ਨੇ ਦੱਸਿਆ ਕਿ ਉਸ ਨਾਲ ਠੱਗੀ ਮਾਰੀ ਗਈ ਹੈ।

## ਇਕੱਲੀ ਰਹਿੰਦੀ ਵਿਧਵਾ ਔਰਤ ਦਾ ਕਤਲ

ਬਠਿੰਡਾ, 18 ਅਗਸਤ (ਪੋਸਟ ਬਿਊਰੋ)- ਪਿੰਡ ਕੋਟਗੁਰੂ ਵਿਖੇ ਖੇਤਾਂ ਵਿੱਚ ਬਣੇ ਘਰ ਵਿੱਚ ਇਕੱਲੀ ਰਹਿ ਰਹੀ ਬਜ਼ੁਰਗ ਔਰਤ ਦਾ ਸ਼ੁੱਕਰਵਾਰ ਰਾਤ ਕਿਸੇ ਨੇ ਕਤਲ ਕਰ ਦਿੱਤਾ। ਘਟਨਾ ਦਾ ਸਵੇਰੇ ਓਦੋਂ ਪਤਾ ਲੱਗਾ ਜਦ ਜ਼ਮੀਨ ਠੇਕੇ 'ਤੇ ਲੈਣ ਵਾਲਾ ਵਿਅਕਤੀ ਉਸ ਦੇ ਘਰ ਆਇਆ। ਔਰਤ ਦੇ ਸਿਰ ਵਿੱਚ ਘੋਟਣੇ ਨਾਲ ਕਈ ਵਾਰ ਕੀਤੇ ਗਏ ਹਨ।

ਇਸ ਘਟਨਾ ਦਾ ਪਤਾ ਲੱਗਦੇ ਸਾਰ ਬਠਿੰਡਾ ਦਿਹਾਤੀ ਦੇ ਡੀ ਐੱਸ ਪੀ ਕੁਲਦੀਪ ਸਿੰਘ ਅਤੇ ਹੋਰ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਘਰ ਦਾ ਪੂਰੀ ਤਰ੍ਹਾਂ ਨਿਰੀਖਣ ਕਰਨ ਦੇ ਨਾਲ ਸਾਰੀ ਜਾਣਕਾਰੀ ਇਕੱਤਰ ਕੀਤੀ। ਇਸ ਤੋਂ ਇਲਾਵਾ ਖੋਜੀ ਕੁੱਤਿਆਂ ਦੀ ਟੀਮ ਵੀ ਸੱਦੀ ਗਈ। ਲਾਸ਼ ਨੂੰ ਵੇਖ ਕੇ ਲੱਗਦਾ ਸੀ ਕਿ ਪਹਿਲਾਂ ਕਾਤਲ ਨੇ ਬਜ਼ੁਰਗ ਔਰਤ ਦਾ ਕੱਪੜੇ ਨਾਲ ਗਲ ਘੁੱਟਿਆ ਹੋਵੇ ਤੇ ਫਿਰ ਸਿਰ ਵਿੱਚ ਘੋਟਣੇ ਮਾਰ ਕੇ ਉਸ ਦਾ ਕਤਲ ਕੀਤਾ ਹੋਵੇ ਕਿਉਂਕਿ ਕੱਪੜਾ ਔਰਤ ਦੇ ਗਲ 'ਚ ਪਾਇਆ ਹੋਇਆ ਸੀ। ਪੁਲਸ ਨੇ ਚੋਰੀ ਦੀ ਘਟਨਾ ਤੋਂ ਇਨਕਾਰ ਕਰਦਿਆਂ ਕਿਹਾ ਕਿ ਘਰ ਦਾ ਸਾਰਾ ਸਾਮਾਨ ਸਹੀ ਢੰਗ ਨਾਲ ਪਾਇਆ ਗਿਆ ਹੈ, ਇਸ ਲਈ ਇਹ ਚੋਰੀ ਦਾ ਮਾਮਲਾ ਨਹੀਂ ਲੱਗਦਾ।

ਸੁਖਪਾਲ ਕੌਰ (55) ਪਤਨੀ ਸਵਰਗੀ ਬਲਕਰਨ ਸਿੰਘ ਖੇਤ ਵਿਚਲੇ ਘਰ ਇਕੱਲੀ ਰਹਿੰਦੀ ਸੀ। ਉਸ ਦੀਆਂ ਦੋ ਧੀਆਂ 'ਤੇ ਇੱਕ ਪੁੱਤਰ ਸੀ। ਕੁੜੀਆਂ ਦਾ ਵਿਆਹ ਕਰ ਦਿੱਤਾ ਸੀ ਅਤੇ ਲੜਕਾ ਬਾਹਰ ਕਿਸੇ ਗੁਰਦੁਆਰੇ ਵਿੱਚ ਸੇਵਾ ਕਰਦਾ ਹੈ। ਬਜ਼ੁਰਗ ਕੋਲ ਦੋ ਏਕੜ ਦੇ ਕਰੀਬ ਜ਼ਮੀਨ ਹੈ, ਜਿਸ ਨੂੰ ਠੇਕੇ ਉਤੇ ਦੇ ਕੇ ਆਪ ਉਹ ਖੁਦ ਇੱਕ ਫੈਕਟਰੀ ਵਿੱਚ ਕੰਮ ਕਰਦੀ ਸੀ।



ਆਈ ਐੱਸ ਐਂਡ ਐੱਫ ਐੱਸ ਕੇਸ:

# ਈ ਡੀ ਨੇ ਕੁਰਕ ਕੀਤੀ 570 ਕਰੋੜ ਰੁਪਏ ਦੀ ਜਾਇਦਾਦ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਆਈ ਐੱਲ ਐਂਡ ਐੱਫ ਐੱਸ ਦੇ ਕਰਜ਼ੇ ਦੇ ਭੁਗਤਾਨ 'ਚ ਅਣਗਹਿਲੀ ਦੇ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪਹਿਲੀ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ। ਜਾਂਚ ਏਜੰਸੀ ਪਹਿਲਾਂ ਇਸ ਮਾਮਲੇ ਵਿੱਚ ਕਰੀਬ 570 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕਰ ਚੁੱਕੀ ਹੈ।




ਅਧਿਕਾਰੀਆਂ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਈ ਡੀ ਇਸ ਮਾਮਲੇ ਵਿੱਚ ਹੋਰ ਚਾਰਜਸ਼ੀਟ ਦਾਖਲ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮਨੀ ਲਾਂਡਰਿੰਗ ਰੋਕਥਾਮ ਐਕਟ ਦੀਆਂ ਮਦਾਂ ਹੇਠ ਮੁੰਬਈ ਵਿੱਚ ਇੱਕ ਵਿਸ਼ੇਸ਼ ਕੋਰਟ ਦੇ ਸਾਹਮਣੇ ਸ਼ੁੱਕਰਵਾਰ ਨੂੰ ਇਹ ਚਾਰਜਸ਼ੀਟ ਦਾਖਲ ਕੀਤੀ ਗਈ। ਈ ਡੀ ਇਸੇ ਐਕਟ ਹੇਠ ਕਈ ਅੱਚਲ ਜਾਇਦਾਦਾਂ ਜ਼ਬਤ ਕਰਨ ਦੇ ਮੁੱਢਲੇ ਹੁਕਮ ਜਾਰੀ ਕਰ ਚੁੱਕੀ ਹੈ। ਇਹ ਅੱਚਲ ਜਾਇਦਾਦਾਂ ਵਪਾਰਕ ਅਤੇ ਰਿਹਾਇਸ਼ੀ ਹਨ ਅਤੇ ਆਈ ਐੱਲ ਐਂਡ ਐੱਫ ਐੱਸ ਫਾਈਨਾਂਸ਼ੀਅਲ ਸਰਵਿਸਿਜ਼ ਲਿਮਟਿਡ ਦੇ ਡਾਇਰੈਕਟਰਾਂ ਰਵੀ ਪਾਰਥਸਾਰਥੀ, ਰਮੇਸ਼ ਬਾਵਾ, ਹਰੀ ਸ਼ੰਕਰਨ, ਅਰੁਣ ਸਾਹਾ ਅਤੇ ਰਾਮਚੰਦ ਕਰੁਣਾਕਰਨ ਦੇ ਕੋਲ ਹਨ।

ਵਰਨਣ ਯੋਗ ਹੈ ਕਿ ਸਾਹਾ ਅਤੇ ਕਰੁਣਾਕਰਨ ਨੂੰ ਜਾਂਚ ਏਜੰਸੀ ਜੂਨ ਵਿੱਚ ਗ੍ਰਿਫਤਾਰ ਕਰ ਚੁੱਕੀ ਹੈ। ਇਸ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਏਅਰਸੈੱਲ ਦੇ ਮੋਢੀ ਸੀ. ਸ਼ਿਵਸ਼ੰਕਰਨ ਵੱਲੋਂ ਆਪਣੇ ਪਰਵਾਰਕ ਮੈਂਬਰਾਂ ਅਤੇ ਸਮੂਹ ਦੀਆਂ ਕੰਪਨੀਆਂ ਦੇ ਨਾਂਅ 'ਤੇ ਅਸਿੱਧੇ ਤੌਰ 'ਤੇ ਰੱਖੀਆਂ ਗਈਆਂ ਜਾਇਦਾਦਾਂ ਨੂੰ ਵੀ ਕੁਰਕ ਕੀਤਾ ਗਿਆ ਹੈ। ਕੁਰਕ ਕੀਤੀਆਂ ਜਾਇਦਾਦਾਂ ਦਾ ਕੁੱਲ ਮੁੱਲ ਕਰੀਬ 570 ਕਰੋੜ ਰੁਪਏ ਹੈ। ਈ ਡੀ ਨੇ ਇਸ ਬਾਰੇ ਮਨੀ ਲਾਂਡਰਿੰਗ ਕਾਨੂੰਨ ਹੇਠ ਇਸ ਸਾਲ ਫਰਵਰੀ ਵਿੱਚ ਕੇਸ ਦਰਜ ਕੀਤਾ ਸੀ। ਉਨ੍ਹਾਂ ਖਿਲਾਫ ਇਹ ਕੇਸ ਦਿੱਲੀ ਪੁਲਸ ਦੀ ਆਰਥਿਕ ਅਪਰਾਧ ਬ੍ਰਾਂਚ ਵੱਲੋਂ ਇੱਕ ਸ਼ਿਕਾਇਤ ਦੇ ਆਧਾਰ 'ਤੇ ਦਾਇਰ ਕੀਤਾ ਗਿਆ ਸੀ। ਈ ਡੀ ਨੇ ਕੋਰਟ ਵਿੱਚ ਦਾਖਲ ਚਾਰਜਸ਼ੀਟ ਵਿੱਚ ਕਿਹਾ ਕਿ ਆਈ ਐੱਲ ਐਂਡ ਐੱਫ ਐੱਸ ਦਾ ਸੀਨੀਅਰ ਮੈਨੇਜਰ ਅਤੇ ਅਧਿਕਾਰੀ ਕਮਿਸ਼ਨਖੋਰੀ ਅਤੇ ਗੈਰ ਕਾਨੂੰਨੀ ਕੰਮ ਵਿੱਚ ਸ਼ਾਮਲ ਸੀ ਅਤੇ ਕੰਪਨੀ ਦੀ ਲਾਗਤ ਉਤੇ ਉਸ ਨੇ ਨਿੱਜੀ ਫਾਇਦਾ ਲਿਆ ਸੀ। ਏਜੰਸੀ ਨੇ ਕਿਹਾ ਕਿ ਆਪਸ ਵਿੱਚ ਅਤੇ ਵੱਖੋ-ਵੱਖ ਨਿੱਜੀ ਸੰਸਥਾਵਾਂ ਦੇ ਪ੍ਰਮੋਟਰਾਂ ਨਾਲ ਅਪਰਾਧਕ ਗੰਢਤੁਪ ਕਰ ਕੇ ਉਹ ਸਥਾਪਤ ਨਿਯਮਾਂ ਦੀ ਉਲੰਘਣਾ ਵਿੱਚ ਸ਼ਾਮਲ ਸਨ।

# ਬਿਹਾਰ ਦੇ ਆਜ਼ਾਦ ਵਿਧਾਇਕ ਅਨੰਤ ਸਿੰਘ ਉੱਤੇ ਯੂ ਏ ਪੀ ਏ ਦਾ ਕੇਸ ਦਰਜ

ਪਟਨਾ, 18 ਅਗਸਤ (ਪੋਸਟ ਬਿਊਰੋ)- ਛੋਟੇ ਸਰਕਾਰ ਦੇ ਨਾਂਅ ਨਾਲ ਮਸ਼ਹੂਰ ਬਿਹਾਰ ਦੇ ਮੋਕਾਮਾ ਹਲਕੇ ਤੋਂ ਆਜ਼ਾਦ ਵਿਧਾਇਕ ਅਨੰਤ ਸਿੰਘ ਦੇ ਜੱਦੀ ਘਰ ਤੋਂ ਵੱਡੀ ਗਿਣਤੀ ਵਿੱਚ ਹਥਿਆਰ ਮਿਲੇ ਹਨ। ਜਦੋਂ ਏ ਟੀ ਐੱਸ ਟੀਮ ਨੇ ਅਨੰਤ ਸਿੰਘ ਦੇ ਘਰ ਛਾਪਾ ਮਾਰਿਆ ਤਾਂ ਉਸ ਨੂੰ ਏ ਕੇ 47 ਗਰਨੇਡ ਅਤੇ 26 ਜ਼ਿੰਦਾ ਕਾਰਤੂਸ ਬਰਾਮਦ ਹੋਏ। ਇਸ ਮਗਰੋਂ ਏ ਟੀ ਐੱਸ ਟੀਮ ਨੇ ਵਿਧਾਇਕ ਦੇ ਪੂਰੇ ਘਰ ਨੂੰ ਘੇਰਾ ਪਾ ਲਿਆ।

ਜਾਣਕਾਰ ਸੂਤਰਾਂ ਅਨੁਸਾਰ ਇਸ ਘਰ ਅੰਦਰ ਇੱਕ ਪੀਲੇ ਰੰਗਦਾਰ ਕਵਰ ਵਿੱਚ ਕਾਰਬਨ ਫਿਲਮ ਦੇ ਅੰਦਰ ਇਹ ਆਧੁਨਿਕ ਅਸਲਾ ਲੁਕਾ ਕੇ ਰੱਖਿਆ ਹੋਇਆ ਸੀ। ਅਸਲੇ ਦੀ ਬਰਾਮਦਗੀ ਕਾਰਨ ਏ ਟੀ ਐੱਸ ਦੀ ਟੀਮ ਭੰਬਲਭੂਸੇ ਵਿੱਚ ਹੈ ਅਤੇ ਬਰਾਮਦ ਹੋਏ ਗ੍ਰੇਨੇਡ ਨਾਲ ਕਿਸੇ ਤਰ੍ਹਾਂ ਦੀ ਲਾਪਰਵਾਹੀ ਦੇ ਡਰ ਕਾਰਨ ਬੰਬ ਵਿਰੋਧੀ ਦਸਤੇ ਨੂੰ ਵੀ ਬੁਲਾਇਆ ਗਿਆ ਹੈ। ਛਾਪੇਮਾਰੀ ਦੌਰਾਨ ਵਿਧਾਇਕ ਅਨੰਤ ਸਿੰਘ ਦੇ ਜੱਦੀ ਘਰ ਵਿੱਚ ਇੱਕ ਬਜ਼ੁਰਗ ਸੀ ਜੋ ਵਿਧਾਇਕ ਦੇ ਪੂਰੇ ਘਰ ਦੀ ਦੇਖਭਾਲ ਕਰਦਾ ਹੈ। ਪੁਲਸ ਟੀਮ ਦੇ ਪੱਜਣ ਮਗਰੋਂ ਇਸ ਬਜ਼ੁਰਗ ਨੇ ਹੀ ਦਰਵਾਜ਼ਾ ਖੋਲ੍ਹਿਆ ਸੀ। ਪੁਲਸ ਨੇ ਬਜ਼ੁਰਗ ਨੂੰ ਗ੍ਰਿਫਤਾਰ ਨਹੀਂ ਕੀਤਾ। ਆਪਣੇ ਘਰ 'ਚ ਪੁਲਸ ਵੱਲੋਂ ਛਾਪੇਮਾਰੀ ਅਤੇ ਹਥਿਆਰ ਅਤੇ ਹੋਰ ਅਸਲੇ ਦੀ ਬਰਾਮਦਗੀ ਨੂੰ ਅਨੰਤ ਸਿੰਘ ਨੇ ਮੁੰਗੇਰ ਤੋਂ ਜਨਤਾ ਦਲ ਯੂ ਦੇ ਪਾਰਲੀਮੈਂਟ ਮੈਂਬਰ ਲਲਨ ਸਿੰਘ ਦੀ ਸਾਜ਼ਿਸ਼ ਦੱਸ ਕੇ ਆਪਣੀ ਬੇਟੀ ਲੇਸੀ ਸਿੰਘ ਉਤੇ ਵੀ ਗਲਤ ਭਾਵਨਾ ਰੱਖਣ ਦੇ ਦੋਸ਼ ਹੇਠ ਉਸ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਅਤੇ ਆਪਣੇ ਘਰ 'ਚ ਉਨ੍ਹਾਂ ਨੂੰ ਫਸਾਉਣ ਲਈ ਰੱਖੇ ਹਥਿਆਰ ਅਤੇ ਹੋਰ ਅਸਲੇ ਦਾ ਦੋਸ਼ ਲਾਇਆ।

*** ਏ ਕੇ ਸੰਤਾਲੀ ਮਿਲੀ ਸੀ ਅਨੰਤ ਸਿੰਘ ਦੇ ਘਰ ਤੋਂ**

# ਗੋਰਖਪੁਰ ਵਿੱਚ ਪੰਚਾਇਤ ਨੇ ਔਰਤ ਦੀ ਕੀਮਤ 71 ਭੇਡਾਂ ਲਾਈ

ਗੋਰਖਪੁਰ, 18 ਅਗਸਤ (ਪੋਸਟ ਬਿਊਰੋ)- ਗੋਰਖਪੁਰ ਦੇ ਖੋਰਾਬਾਰ ਥਾਣਾ ਖੇਤਰ ਵਿੱਚ ਅਜੀਬ ਕੇਸ ਸਾਹਮਣੇ ਆਇਆ ਹੈ। ਪੰਚਾਇਤ ਨੇ 71 ਭੇਡਾਂ ਬਦਲੇ ਇੱਕ ਔਰਤ ਨੂੰ ਉਸ ਦੇ ਪ੍ਰੇਮੀ ਦੇ ਹਵਾਲੇ ਕਰ ਦਿੱਤਾ ਹੈ। ਪੰਚਾਇਤ ਦੇ ਇਸ ਫੈਸਲੇ ਨੂੰ ਪ੍ਰੇਮੀ ਦੇ ਪਿਤਾ ਰਾਮਨਰੇਸ਼ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਖੋਰਾਬਾਰ ਥਾਣੇ ਵਿੱਚ ਸ਼ਿਕਾਇਤ ਦੇ ਕੇ ਭੇਡਾਂ ਵਾਪਸ ਦਿਵਾਉਣ ਦੀ ਮੰਗ ਕੀਤੀ ਹੈ।



ਇਹ ਮਾਮਲਾ ਹੱਲ ਹੋਣ ਦੀ ਥਾਂ ਤਿੰਨ ਥਾਣਿਆਂ ਵਿੱਚ ਘੁੰਮਦਾ ਰਿਹਾ। ਖੋਰਾਬਾਰ ਪੁਲਸ ਨੇ ਪਿਪਰਾਈਚ ਖੇਤਰ ਦਾ ਕੇਸ ਦੱਸ ਕੇ ਉਸ ਥਾਣੇ ਭੇਜ ਦਿੱਤਾ। ਪਿਪਰਾਈਚ ਥਾਣੇ ਦੇ ਮੁਖੀ ਨੇ ਵੀ ਰਾਮਨਰੇਸ਼ ਦੀ ਗੱਲ ਨਹੀਂ ਸੁਣੀ ਅਤੇ ਪੰਚਾਇਤ ਬੇਲੀਪਾਰ ਖੇਤਰ ਦੇ ਗ੍ਰਾਮ ਚਾਰਪਾਨੀ ਵਿੱਚ ਹੋਣਾ ਦੱਸ ਕੇ ਓਥੇ ਭੇਜ ਦਿੱਤਾ। ਆਖਰ ਵਿੱਚ ਪਿਪਰਾਈਚ ਖੇਤਰ ਦੇ ਗ੍ਰਾਮ ਬੈਲੋ ਦੇ ਰਾਮਨਰੇਸ਼ ਨੇ ਕੱਲ੍ਹ ਸਮੂਹਿਕ ਸਮੱਸਿਆ ਦਿਵਸ ਮੌਕੇ ਐਸ ਐਸ ਪੀ ਤੋਂ ਇਨਸਾਫ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪੰਚਾਇਤ ਦਾ ਫੈਸਲਾ ਸਾਨੂੰ ਮਨਜ਼ੂਰ ਨਹੀਂ। ਉਨ੍ਹਾਂ ਨੇ ਦੋਸ਼ ਲਾਇਆ ਕਿ ਪੰਚਾਂ ਨੇ ਇੱਕ ਵਿਅਕਤੀ ਦਾ ਵਸਿਆ ਘਰ ਉਜਾੜ ਦਿੱਤਾ ਤੇ ਬਿਨਾਂ ਤਲਾਕ ਕਰਵਾਏ ਵਿਆਹੁਤਾ ਮਹਿਲਾ ਨੂੰ ਮੇਰੇ ਬੇਟੇ ਦੇ ਗਲੇ ਬੰਨ੍ਹਣ ਦਾ ਫੈਸਲਾ ਸੁਣਾ ਦਿੱਤਾ। ਪੰਚਾਇਤ ਦੇ ਫੈਸਲੇ ਦੇ ਬਾਅਦ ਮਹਿਲਾ ਆਪਣੇ ਪਤੀ ਨਾਲ ਰਹਿਣ ਨੂੰ ਤਿਆਰ ਹੈ। ਉਸ ਦਾ ਕਹਿਣਾ ਹੈ ਕਿ ਕਿਸੇ ਨੇ ਉਸ ਨਾਲ ਜ਼ਬਰਦਸਤੀ ਕੀਤੀ ਤਾਂ ਖੁਦਕੁਸ਼ੀ ਕਰ ਲਵੇਗੀ। ਉਸ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਹਨ, ਪਰ ਮਾਂ ਬਣਨ ਦਾ ਸੁੱਖ ਪ੍ਰਾਪਤ ਨਹੀਂ ਹੋਇਆ। ਉਸ ਦੇ ਪ੍ਰੇਮੀ ਦਾ ਕਹਿਣਾ ਹੈ ਕਿ ਪਿਤਾ ਦੀ ਜਾਇਦਾਦ ਵਿੱਚ ਪੁੱਤਰ ਦਾ ਵੀ ਹੱਕ ਹੁੰਦਾ ਹੈ। ਅਸੀਂ 142 ਵਿੱਚੋਂ 50 ਫੀਸਦੀ ਭੇਡਾਂ ਨੂੰ ਆਪਣਾ ਮੰਨਿਆ ਤੇ ਪੰਚਾਇਤ ਦੇ ਫੈਸਲੇ ਅਨੁਸਾਰ 71 ਭੇਡਾਂ ਮਹਿਲਾ ਦੇ ਪਤੀ ਨੂੰ ਦੇ ਦਿੱਤੀਆਂ। ਪਿਤਾ ਰਾਮਨਰੇਸ਼ ਵਿਰੋਧੀਆਂ ਦੇ ਉਕਸਾਉਣ ਉਤੇ ਸਾਡੇ ਖਿਲਾਫ ਖੜ੍ਹੇ ਹੋ ਗਏ ਹਨ।

# ਧਾਰਾ 370 ਉੱਤੇ ਨੁਕਸਦਾਰ ਪਟੀਸ਼ਨਾਂ ਦੇ ਕਾਰਨ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਸੰਵਿਧਾਨ ਦੀ ਧਾਰਾ 370 ਖਤਮ ਕੀਤੇ ਜਾਣ ਉੱਤੇ ਨੁਕਸ ਵਾਲੀਆਂ ਪਟੀਸ਼ਨਾਂ ਦਾਇਰ ਕਰਨ ਉੱਤੇ ਸੁਪਰੀਮ ਕੋਰਟ ਨੇ ਪਟੀਸ਼ਨਰਾਂ ਨੂੰ ਝਾੜਾਂ ਪਾਈਆਂ ਅਤੇ ਚੀਫ ਜਸਟਿਸ ਰੰਜਨ ਗੋਗੋਈ ਨੇ ਸ਼ੁੱਕਰਵਾਰ ਨੂੰ ਵਕੀਲ ਐੱਮ ਐੱਲ ਸ਼ਰਮਾ ਦੀ ਪਟੀਸ਼ਨ ਨੂੰ ਬੇਅਸਰ ਦੱਸਿਆ।



ਭਾਰਤ ਦੇ ਚੀਫ ਜਸਟਿਸ ਨੇ ਕਿਹਾ ਕਿ ਉਨ੍ਹਾਂ ਪਟੀਸ਼ਨ ਨੂੰ ਪੜ੍ਹਨ ਵਿਚ 30 ਮਿੰਟ ਲਾ ਦਿੱਤੇ, ਪਰ ਉਨ੍ਹਾਂ ਨੂੰ ਇਹ ਵੀ ਸਮਝ ਨਹੀਂ ਆਇਆ ਕਿ ਪਟੀਸ਼ਨ ਦੀ ਕਿਹਾ ਕੀ ਹੈ। ਇਸ ਅਦਾਲਤੀ ਬੈਂਚ ਵਿੱਚ ਸ਼ਾਮਲ ਜਸਟਿਸ ਐੱਸ ਏ ਬੋਬਡੇ ਤੇ ਜਸਟਿਸ ਐੱਸ ਏ ਨਜ਼ੀਰ ਨੇ ਪੁੱਛਿਆ ਕਿ ਇਹ ਕਿੱਦਾਂ ਦੀ ਪਟੀਸ਼ਨ ਹੈ? ਇਸ ਨੂੰ ਰੱਦ ਕਰ ਦਿੱਤਾ ਗਿਆ ਹੁੰਦਾ, ਪਰ ਰਜਿਸਟਰੀ ਵਿਚ ਇਸ ਮੁੱਦੇ ਉੱਤੇ ਪੰਜ ਹੋਰ ਪਟੀਸ਼ਨਾਂ ਹਨ, ਜੋ ਦੋਸ਼ਪੂਰਨ ਹਨ। ਬੈਂਚ ਨੇ ਪਟੀਸ਼ਨਰ ਸ਼ਰਮਾ ਤੋਂ ਪੁੱਛਿਆ ਕਿ ਤੁਸੀਂ ਰਾਸ਼ਟਰਪਤੀ ਦੇ ਆਦੇਸ਼ ਨੂੰ ਲਾਂਭੇ ਕਰਨ ਦੀ ਅਰਜ਼ੀ ਨਹੀਂ ਦਿੱਤੀ, ਫਿਰ ਤੁਹਾਡੀ ਅਪੀਲ ਕੀ ਹੈ, ਇਹ ਸਪਸ਼ਟ ਨਹੀਂ ਹੈ। ਇਹ ਪਟੀਸ਼ਨ ਤਕਨੀਕੀ ਆਧਾਰ ਉੱਤੇ ਰੱਦ ਹੋ ਸਕਦਾ ਹੈ। ਏਹੋ ਜਿਹੇ ਗੰਭੀਰ ਮੁੱਦੇ ਉੱਤੇ ਤੁਸੀਂ ਇਹੋ ਜਿਹੀ ਪਟੀਸ਼ਨ ਕਿਵੇਂ ਲਾ ਸਕਦੇ ਹੋ, ਜਿਸ ਦਾ ਕੋਈ ਮਤਲਬ ਹੀ ਨਹੀਂ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਦੇ ਅਗਲੇ ਦਿਨ 6 ਅਗਸਤ ਨੂੰ ਹੀ ਪਟੀਸ਼ਨਰ ਸ਼ਰਮਾ ਨੇ ਇਹ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਵਕੀਲਾਂ ਨੂੰ ਧਾਰਾ 370 ਉੱਤੇ ਸਾਰੀਆਂ ਛੇ ਪਟੀਸ਼ਨਾਂ ਨੂੰ ਸੋਧ ਕਰਨ ਲਈ ਕਿਹਾ ਤੇ ਸੁਣਵਾਈ ਮੁਲਤਵੀ ਕਰ ਦਿੱਤੀ। ਬੈਂਚ ਨੇ ਇਹ ਵੀ ਦੱਸਿਆ ਕਿ ਧਾਰਾ 370 ਦੀਆਂ ਪਟੀਸ਼ਨਾਂ ਦੀ ਸੁਣਵਾਈ ਲਈ ਜੱਜਾਂ ਦੇ ਬੈਂਚ ਵਿਚ ਤਬਦੀਲੀ ਕਰਨੀ ਪਈ ਹੈ ਕਿਉਂਕਿ ਸੰਵੇਦਨਸ਼ੀਲ ਅਯੁੱਧਿਆ ਕੇਸ ਦੀ ਰੋਜ਼ਾਨਾ ਸੁਣਵਾਈ ਵੀ ਨਾਲੋ-ਨਾਲ ਚੱਲ ਰਹੀ ਹੈ। ਸੁਣਵਾਈ ਦੌਰਾਨ ਵਕੀਲ ਸ਼ਕੀਲ ਸ਼ਬੀਰ ਨੇ ਕਿਹਾ ਕਿ ਉਹ ਜੰਮੂ-ਕਸ਼ਮੀਰ ਦੇ ਵਾਸੀ ਹਨ। ਉਨ੍ਹਾਂ ਸੂਬੇ ਤੋਂ ਧਾਰਾ 370 ਹਟਾਉਣ ਅਤੇ ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਦੋ ਕੇਂਦਰੀ ਰਾਜਾਂ ਵਿਚ ਬਦਲਣ ਦੇ ਖ਼ਿਲਾਫ਼ ਪਟੀਸ਼ਨ ਕੀਤੀ ਹੈ। ਸ਼ਬੀਰ ਨੇ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਵੱਲੋਂ ਪਟੀਸ਼ਨ ਦੇ ਦੋਸ਼ ਸੁਧਾਰਨ ਦੇ ਬਾਵਜੂਦ ਉਨ੍ਹਾਂ ਦੀ ਪਟੀਸ਼ਨ ਸੁਣਵਾਈ ਲਈ ਸੂਚੀ ਬੱਧ ਨਹੀਂ ਕੀਤੀ ਗਈ।

ਸਿਰਸਾ ਵੱਲੋਂ ਮੰਗ:

# ਵਿਰੋਧੀਆਂ ਵੱਲੋਂ ਉਛਾਲੇ ਜਾਂਦੇ ਮੁੱਦਿਆਂ ਦੀ ਪੜਤਾਲ ਲਈ ਕਮੇਟੀ ਬਣਾਈ ਜਾਵੇ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਐਮ ਸੀ) ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਨੂੰ ਬਦਨਾਮ ਕਰਨ ਲਈ ਵਿਰੋਧੀਆਂ ਵੱਲੋਂ ਸਾਜ਼ਿਸ਼ ਹੇਠ ਜਾਣਬੁਝ ਉਛਾਲੇ ਜਾ ਰਹੇ ਤਿੰਨਾਂ ਕੇਸਾਂ ਦੀ ਪੜਤਾਲ ਲਈ ਉਚ ਪੱਧਰੀ ਬਣਾ ਕੇ ਇਸ ਦੀ ਜਾਂਚ ਕਰਵਾਈ ਜਾਵੇ।



ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖੇ ਪੱਤਰ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਵੱਲੋਂ ਵਸੰਤ ਵਿਹਾਰ ਸਕੂਲ ਵਿੱਚ ਜਿਮ ਅਤੇ ਸਵੀਮਿੰਗ ਪੂਲ ਬਣਾਉਣ ਲਈ ਖੁਦ ਦਸਖਤ ਕਰਕੇ ਚਿੱਠੀ ਉਸ ਕੰਪਨੀ ਨੂੰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਜੀ ਕੇ ਵੱਲੋਂ ਚਲਾਏ ਇਸ ਪ੍ਰਾਜੈਕਟ ਨੂੰ ਡੀ ਐਸ ਜੀ ਐਮ ਸੀ ਨੇ ਰੱਦ ਕਰ ਦਿੱਤਾ ਹੈ ਤੇ ਇਹ ਪ੍ਰਾਜੈਕਟ ਅੱਗੇ ਤੋਂ ਇਹ ਕਮੇਟੀ ਆਪ ਚਲਾਏਗੀ। ਉਨ੍ਹਾਂ ਕਿਹਾ ਕਿ ਦੂਜਾ ਮਾਮਲਾ ਟਾਸਕ ਫੋਰਸ ਤੋੜਨ ਦਾ ਹੈ। ਸਿਰਸਾ ਨੇ ਕਿਹਾ ਕਿ ਜਥੇਦਾਰ ਸਾਹਿਬ ਇੱਕ ਕਮੇਟੀ ਤੋਂ ਜਾਂਚ ਕਰਾਉਣ ਕਿ ਇਹ ਟਾਸਕ ਫੋਰਸ ਕਿਸ ਕੰਮ ਵਾਸਤੇ ਵਰਤੀ ਜਾਂਦੀ ਸੀ ਤੇ ਇਸ ਵਿੱਚ ਕੰਮ ਕਰਦੇ ਨੌਜਵਾਨਾਂ ਦੀ ਡਿਊਟੀ ਕਿੱਥੇ ਲਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਟਾਸਕ ਫੋਰਸ ਦੀ ਦੁਰਵਰਤੋਂ ਕੀਤੀ ਜਾਂਦੀ ਸੀ। ਸਿਰਸਾ ਨੇ ਕਿਹਾ ਕਿ ਤੀਜਾ ਕੇਸ ਹਰਗੋਬਿੰਦ ਐਨਕਲੇਵ ਦੀ ਸੰਸਥਾ ਦਾ ਹੈ, ਜਿਸ ਬਾਰੇ ਦੂਸ਼ਣਬਾਜ਼ੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਕੋਈ ਅਜਿਹਾ ਫੈਸਲਾ ਨਹੀਂ ਲਿਆ, ਜੋ ਨਿੱਜੀ ਲਾਭ ਦਾ ਹੋਵੇ ਜਾਂ ਜਿਸ ਨਾਲ ਗੁਰਦੁਆਰਾ ਕਮੇਟੀ ਦਾ ਅਣਜਾਣੇ ਵਿੱਚ ਵੀ ਨੁਕਸਾਨ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਅਸੀਂ ਸਰਨਾ ਭਰਾਵਾਂ ਨੂੰ ਅਖਬਾਰਾਂ ਰਾਹੀਂ ਅਪੀਲ ਕੀਤੀ ਸੀ ਕਿ ਜੇ ਉਨ੍ਹਾਂ ਕੋਲ ਇਸ ਤੋਂ ਚੰਗੀ ਤਜਵੀਜ਼ ਹੈ ਤਾਂ ਅਸੀਂ ਉਹ ਮੰਨਾਂਗੇ ਕਿਉਂਕਿ ਅਸੀਂ ਗੁਰਦੁਆਰਾ ਕਮੇਟੀ ਦੇ ਹਿੱਤਾਂ ਦੀ ਰਾਖੀ ਵਾਸਤੇ ਬੈਠੇ ਹਾਂ। ਉਨ੍ਹਾਂ ਕਿਹਾ ਕਿ ਸਰਨਾ ਭਰਾਵਾਂ ਨੇ ਕੋਈ ਵੀ ਜਵਾਬ ਨਹੀਂ ਦਿੱਤਾ। ਅਸੀਂ ਫਿਰ ਆਖਦੇ ਹਾਂ ਕਿ ਜੇ ਉਨ੍ਹਾਂ ਕੋਲ ਕੋਈ ਬਿਹਤਰ ਸੁਝਾਅ ਹੈ ਤਾਂ ਅਸੀਂ ਉਸ ਨੂੰ ਹੂ-ਬ-ਹੂ ਲਾਗੂ ਕਰਨ ਨੂੰ ਤਿਆਰ ਹਾਂ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਨ੍ਹਾਂ ਤਿੰਨਾਂ ਕੇਸਾਂ ਦੀ ਪੜਤਾਲ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਪਣੇ ਪੱਧਰ 'ਤੇ ਹੀ ਜਾਂਚ ਕਮੇਟੀ ਦਾ ਗਠਨ ਕੀਤਾ ਜਾਵੇ ਤੇ ਇਨ੍ਹਾਂ ਮਾਮਲਿਆਂ ਦੀ ਸਾਰੀ ਸੱਚਾਈ ਦੀ ਪੜਤਾਲ ਕਰਵਾਈ ਜਾਵੇ।

# ਅਸ਼ੋਕ ਲੇਲੈਂਡ ਨੇ ਕਾਮਿਆਂ ਲਈ ਸੇਵਾ ਮੁਕਤੀ ਯੋਜਨਾ ਪੇਸ਼ ਕੀਤੀ




ਚੇਨਈ, 18 ਅਗਸਤ (ਪੋਸਟ ਬਿਊਰੋ)- ਵਾਹਨ ਉਦਯੋਗ ਵਿੱਚ ਜਾਰੀ ਸੰਕਟ ਦੇ ਕਾਰਨ ਇਸ ਖੇਤਰ ਦੀ ਮੋਹਰੀ ਕੰਪਨੀ ਅਸ਼ੋਕ ਲੇਲੈਂਡ ਨੇ ਕਾਰਜਕਾਰੀ ਪੱਧਰ ਦੇ ਕਾਮਿਆਂ ਲਈ ਕੰਪਨੀ ਤੋਂ ਸੇਵਾ ਮੁਕਤੀ ਯੋਜਨਾ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਇਸ ਕੰਪਨੀ ਨੇ ਇਹ ਯੋਜਨਾ ਓਦੋਂ ਪੇਸ਼ ਕੀਤੀ ਹੈ, ਜਦੋਂ ਪਹਿਲਾਂ ਤੋਂ ਹੀ ਕਰਮਚਾਰੀ ਬੋਨਸ ਵਧਾਉਣ ਬਾਰੇ ਹੜਤਾਲ ਕਰੀ ਬੈਠੇ ਹਨ। ਅਸ਼ੋਕ ਲੇਲੈਂਡ ਇੰਪਲਾਈਜ਼ ਯੂਨੀਅਨ ਦੇ ਸੂਤਰਾਂ ਨੇ ਦੱਸਿਆ, ਅਸੀਂ ਆਪਣੀ ਹੜਤਾਲ ਜਾਰੀ ਰੱਖ ਰਹੇ ਹਾਂ, ਮੈਨੇਜਮੈਂਟ ਨੇ ਸੋਮਵਾਰ ਕੰਮ ਬੰਦ ਕੀਤਾ ਪਿਆ ਹੈ। ਜਦੋਂ ਤੱਕ ਮੈਨੇਜਮੈਂਟ ਢੁੱਕਵਾਂ ਹੱਲ ਲੈ ਕੇ ਨਹੀਂ ਆਉਂਦੀ, ਅਸੀਂ ਉਦੋਂ ਤੱਕ ਹੜਤਾਲ ਜਾਰੀ ਰੱਖਾਂਗੇ। ਯੂਨੀਅਨ ਨੇ ਬੋਨਸ 'ਚ 10 ਫੀਸਦੀ ਵਾਧੇ ਦੀ ਮੰਗ ਕੀਤੀ ਹੈ, ਪਰ ਮੈਨੇਜਮੈਂਟ ਪੰਜ ਫੀਸਦੀ ਵਾਧੇ ਲਈ ਤਿਆਰ ਹੈ। ਹਿੰਦੂਜਾ ਸਮੂਹ ਦੀ ਕੰਪਨੀ ਨੇ ਇਸ ਦੌਰਾਨ ਕਰਮਚਾਰੀਆਂ ਨੂੰ ਇੱਕ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਕੰਪਨੀ ਨੇ ਸਵੈ ਇਛੁੱਕ ਸੇਵਾਮੁਕਤੀ ਯੋਜਨਾ ਅਤੇ ਕਰਮਚਾਰੀ ਸੈਪਰੇਸ਼ਨ ਦੀ ਯੋਜਨਾ (ਈ ਐੱਸ ਐੱਸ) ਦੀ ਪੇਸ਼ ਕੀਤੀ ਹੈ। ਸੂਤਰਾਂ ਨੇ ਕਿਹਾ ਕਿ ਜਿਹੜੇ ਕਰਮਚਾਰੀ ਵੀ ਆਰ ਐਸ ਦੀ ਯੋਗਤਾ ਨਹੀਂ ਰੱਖਦੇ, ਉਨ੍ਹਾਂ ਲਈ ਈ ਐਸ ਐਸ ਦੀ ਪੇਸ਼ਕਸ਼ ਕੀਤੀ ਗਈ ਹੈ।

ਇਸ ਦੌਰਾਨ ਆਟੋ ਸੈਕਟਰ ਵਿੱਚ ਚੱਲਦੀ ਸੁਸਤੀ ਦਾ ਅਸਰ ਮਾਰੂਤੀ ਕਰਮਚਾਰੀਆਂ ਦੀ ਨੌਕਰੀ 'ਤੇ ਪੈ ਰਿਹਾ ਹੈ। ਸੁਸਤੀ ਦੀ ਮਾਰ ਕਾਰਨ ਮਾਰੂਤੀ ਸੁਜ਼ੂਕੀ ਇੰਡੀਆ ਦੇ 3000 ਕੱਚੇ ਮੁਲਾਜ਼ਮਾਂ ਦੀ ਨੌਕਰੀ ਖਤਮ ਹੋ ਗਈ ਹੈ। ਕੰਪਨੀ ਦੇ ਚੇਅਰਮੈਨ ਆਰ ਸੀ ਭਾਰਗਵ ਨੇ ਕਿਹਾ ਕਿ ਵਾਹਨ ਉਦਯੋਗ ਵਿੱਚ ਨਰਮੀ ਦੇ ਕਾਰਨ ਕੱਚੇ ਕਰਮਚਾਰੀਆਂ ਦੇ ਐਗਰੀਮੈਂਟ ਨੂੰ ਅੱਗੇ ਨਹੀਂ ਵਧਾਇਆ ਗਿਆ, ਪਰ ਪੱਕੇ ਕਰਮਚਾਰੀਆਂ 'ਤੇ ਇਸ ਦਾ ਅਸਰ ਨਹੀਂ ਪਿਆ। ਭਾਰਗਵ ਨੇ ਕਿਹਾ ਕਿ ਇਹ ਕਾਰੋਬਾਰ ਦਾ ਹਿੱਸਾ ਹੈ, ਜਦੋਂ ਮੰਗ ਵਧਦੀ ਹੈ ਤਾਂ ਐਗਰੀਮੈਂਟ 'ਤੇ ਵੱਧ ਕਰਮਚਾਰੀਆਂ ਦੀ ਭਰਤੀ ਕੀਤੀ ਜਾਂਦੀ ਹੈ ਅਤੇ ਜਦੋਂ ਮੰਗ ਘਟਦੀ ਹੈ ਤਾਂ ਉਨ੍ਹਾਂ ਦੀ ਗਿਣਤੀ ਘੱਟ ਕੀਤੀ ਜਾਂਦੀ ਹੈ। ਉਨ੍ਹਾਂ ਸਾਵਧਾਨ ਕੀਤਾ ਕਿ ਵਾਹਨ ਵਿਕਰੀ 'ਚ ਥੋੜ੍ਹੀ ਜਿਹੀ ਗਿਰਾਵਟ ਨਾਲ ਨੌਕਰੀਆਂ 'ਤੇ ਵੱਡੇ ਪੱਧਰ 'ਤੇ ਅਸਰ ਪਵੇਗਾ।

# ਫਰਜ਼ੀ ਅਕਾਊਂਟ ਕੇਸ ਵਿੱਚ ਅਦਨਾਨ ਸਾਮੀ ਨੇ ਪਾਕਿ ਪ੍ਰਸ਼ੰਸਕਾਂ ਨੂੰ ਜਵਾਬ ਦਿੱਤਾ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਬੀਤੀ 15 ਅਗਸਤ ਦੇ ਦਿਨ ਤੋਂ ਟਵਿੱਟਰ ਉਤੇ ਪਾਕਿਸਤਾਨ ਦੇ ਕੁਝ ਲੋਕ ਲਗਾਤਾਰ ਬਾਲੀਵੁੱਡ ਦੇ ਪ੍ਰਸਿੱਧ ਗਾਇਕ ਅਦਨਾਨ ਸਾਮੀ ਨੂੰ ਨਿਸ਼ਾਨਾ ਬਣਾਉਂਦੇ ਨਜ਼ਰ ਆ ਰਹੇ ਹਨ। ਜਦ ਤੋਂ ਅਦਨਾਨ ਸਾਮੀ ਨੇ ਭਾਰਤ ਦੇ ਸੁਤੰਤਰਤਾ ਦਿਵਸ ਦੀਆਂ ਸ਼ੁਭ ਕਾਮਨਾਵਾਂ ਟਵਿੱਟਰ 'ਤੇ ਦਿੱਤੀਆਂ ਹਨ, ਉਸ ਸਮੇਂ ਤੋਂ ਪਾਕਿਸਤਾਨੀ ਯੂਜ਼ਰਜ ਉਸ ਨੂੰ ਨਿਸ਼ਾਨਾ ਬਣਾਉਣ



ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਈ ਤਰ੍ਹਾਂ ਦੇ ਸੁਆਲ ਪੁੱਛ ਰਹੇ ਹਨ, ਪਰ ਅਦਨਾਨ ਵੀ ਪਾਕਿਸਤਾਨੀਆਂ ਨੂੰ ਕਰਾਰਾ ਜਵਾਬ ਦੇਣ ਤੋਂ ਪਿੱਛੇ ਨਹੀਂ ਹਟ ਰਹੇ।

ਕੱਲ੍ਹ ਇੱਕ ਪਾਕਿਸਤਾਨੀ ਪ੍ਰਸ਼ੰਸਕ ਨੇ ਅਦਨਾਨ ਨੂੰ ਟਵੀਟ ਕਰਦੇ ਹੋਏ ਲਿਖਿਆ ਕਿ ਤੁਸੀਂ ਇੱਕ ਫਰਜ਼ੀ ਅਕਾਊਂਟ ਬਣਾਇਆ ਅਤੇ ਫਿਰ ਦਿਖਾਇਆ ਕਿ ਇਹ ਅਸਲੀ ਹੈ। ਵਾਹ ਅਦਨਾਨ ਸਾਮੀ ਜੀ, ਕੀ ਤੁਸੀਂ ਅਸਲੀਅਤ 'ਚ ਪਾਕਿ ਨਾਲ ਨਫਰਤ ਕਰਦੇ ਹੋ? ਇਸ ਟਵੀਟ ਦਾ ਜਵਾਬ ਦਿੰਦੇ ਹੋਏ ਅਦਨਾਨ ਨੇ ਕਿਹਾ ਕਿ ਨਹੀਂ ਮੇਰੇ ਦੋਸਤ, ਮੈਂ ਫਰਜ਼ੀ ਅਕਾਊਂਟ ਨਹੀਂ ਬਣਾਇਆ, ਨਾ ਇਸ ਨਾਲ ਨਫਰਤ ਫੈਲਾਅ ਰਿਹਾ ਹਾਂ। ਅਜਿਹਾ ਤੁਹਾਡੀ ਫੌਜ ਕਰਦੀ ਹੈ।

ਇਸ ਤੋਂ ਪਹਿਲਾਂ ਪਾਕਿ ਯੂਜ਼ਰਜ ਨੇ ਅਦਨਾਨ ਤੋਂ ਉਨ੍ਹਾਂ ਦੇ ਪਿਤਾ ਬਾਰੇ ਵੀ ਸੁਆਲ ਕੀਤਾ ਸੀ। ਵਰਨਣ ਯੋਗ ਹੈ ਕਿ ਸਾਮੀ ਬ੍ਰਿਟੇਨ ਵਿੱਚ ਪੈਦਾ ਹੋਏ ਤੇ ਪਹਿਲਾਂ ਕੈਨੇਡਾ ਦੀ ਨਾਗਰਿਕਤਾ ਰੱਖਦੇ ਸਨ। ਉਹ ਪਾਕਿ ਮੂਲ ਦੇ ਹਨ, ਪਰ ਉਨ੍ਹਾਂ 2016 'ਚ ਭਾਰਤ ਦੀ ਨਾਗਰਿਕਤਾ ਲੈ ਲਈ ਸੀ।

ਪਹਿਲੂ ਖਾਨ ਕੇਸ :

# ਰਾਜਸਥਾਨ ਸਰਕਾਰ ਨੇ ਕੇਸ ਦੇ ਰਿਵੀਊ ਲਈ ਵਿਸ਼ੇਸ਼ ਜਾਂਚ ਟੀਮ ਬਣਾਈ

ਜੈਪੁਰ, 18 ਅਗਸਤ (ਪੋਸਟ ਬਿਊਰੋ)- ਭੜਕੀ ਹੋਈ ਭੀੜ ਦੀ ਹਿੰਸਾ ਦਾ ਸ਼ਿਕਾਰ ਹੋਣ ਕਾਰਨ ਮਾਰੇ ਗਏ ਪਹਿਲੂ ਖਾਨ ਦੇ ਕੇਸ ਵਿੱਚ ਸਥਾਨਕ ਅਦਾਲਤ ਵੱਲੋਂ ਛੇ ਦੋਸ਼ੀਆਂ ਨੂੰ ਬਰੀ ਕੀਤੇ ਜਾਣ ਪਿੱਛੋਂ ਰਾਜਸਥਾਨ ਸਰਕਾਰ ਨੇ ਕੇਸ ਦੀ ਜਾਂਚ ਵਿੱਚ ਖਾਮੀਆਂ ਦਾ ਪਤਾ ਲਾਉਣ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਮੁੱਖ ਮੰਤਰੀ ਨੇ ਇਸ ਟੀਮ ਨੂੰ 15 ਦਿਨਾਂ ਵਿੱਚ ਰਿਪੋਰਟ ਦੇਣ ਲਈ ਕਿਹਾ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਅਤੇ ਬਸਪਾ ਮੁਖੀ ਮਾਇਆਵਤੀ ਵੱਲੋਂ ਰਾਜ ਸਰਕਾਰ ਦੀ ਕਰੜੀ ਆਲੋਚਨਾ ਕੀਤੇ ਜਾਣ ਪਿੱਛੋਂ ਇਹ ਕਦਮ ਉਠਾਇਆ ਗਿਆ ਹੈ।

ਰਾਜ ਸਰਕਾਰ ਵੱਲੋਂ ਜਾਰੀ ਕੀਤੇ ਬਿਆਨ ਮੁਤਾਬਕ ਡੀ ਆਈ ਜੀ ਨੀਤੀ ਦੀਪ ਬਲੱਗਣ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰਨਗੇ ਅਤੇ ਇਸ ਦੌਰਾਨ ਅਮਨਦੀਪ ਸਿੰਘ ਕਪੂਰ ਨੂੰ ਅਲਵਰ ਜ਼ਿਲ੍ਹੇ ਦੇ ਭਿਵਾੜੀ ਦਾ ਨਵਾਂ ਐੱਸ ਪੀ ਨਿਯੁਕਤ ਕੀਤਾ ਗਿਆ ਹੈ। ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਜਾਣ ਵਾਲੀ ਜਾਂਚ ਦੀ ਨਿਗਰਾਨੀ ਐਡੀਸ਼ਨਲ ਡੀ ਜੀ ਪੀ (ਕਰਾਈਮ) ਕਰਨਗੇ ਅਤੇ ਐੱਸ ਪੀ (ਕਰਾਈਮ) ਅਤੇ ਐਡੀਸ਼ਨਲ ਐੱਸ ਪੀ (ਵਿਜੀਲੈਂਸ) ਇਸ ਟੀਮ ਦੇ ਮੈਂਬਰ ਹੋਣਗੇ। ਮੁੱਖ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ ਵਿਸ਼ੇਸ਼ ਜਾਂਚ ਟੀਮ ਸੀਨੀਅਰ ਵਕੀਲਾਂ ਨਾਲ ਵੀ ਵਿਚਾਰ ਕਰੇਗੀ ਅਤੇ ਕੇਸ ਵਿੱਚ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਇਸ ਦੌਰਾਨ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਵੱਲੋਂ ਪਹਿਲੂ ਖਾਨ ਦੀ ਹੱਤਿਆ ਵਿੱਚ ਛੇ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਦੀ ਨੁਕਤਾਚੀਨੀ ਕਰਨ ਪਿੱਛੋਂ ਰਾਜਸਥਾਨ ਵਿੱਚ ਪਾਰਟੀ ਦੇ ਛੇ ਵਿਧਾਇਕ ਕਾਂਗਰਸ ਸਰਕਾਰ ਦੀ ਹਮਾਇਤ ਉੱਤੇ ਆ ਗਏ ਹਨ। ਉਨ੍ਹਾਂ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨਾਲ ਮਿਲ ਕੇ ਪਾਰਟੀ ਤੋਂ ਵੱਖਰਾ ਸਟੈਂਡ ਲੈਂਦਿਆਂ ਸਰਕਾਰ ਦੀ ਕਾਰਵਾਈ ਦਾ ਸਮਰਥਨ ਕੀਤਾ। ਬਸਪਾ ਵਿਧਾਇਕ ਰਾਜਿੰਦਰ ਗੁੜਾ ਨੇ ਕਿਹਾ ਕਿ ਮਾਇਆਵਤੀ ਨੂੰ ਗਲਤ ਸੂਚਨਾ ਦਿੱਤੀ ਜਾ ਰਹੀ ਹੈ ਅਤੇ ਰਾਜਸਥਾਨ 'ਚ ਦਲਿਤਾਂ ਨੂੰ ਕੋਈ ਤਸੀਹੇ ਨਹੀਂ ਦਿੱਤੇ ਗਏ।

# ਆਮ ਆਦਮੀ ਪਾਰਟੀ ਦੇ ਬਾਗੀ ਕਪਿਲ ਮਿਸ਼ਰਾ ਤੇ ਮਹਿਲਾ ਆਗੂ ਰਿਚਾ ਪਾਂਡੇ ਭਾਜਪਾ ਵਿੱਚ ਸ਼ਾਮਲ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀ ਮੈਂਬਰੀ ਰੱਦ ਕੀਤੇ ਜਾਣ ਅਤੇ ਅਯੋਗ ਠਹਿਰਾਏ ਜਾਣ ਪਿੱਛੋਂ ਆਮ ਆਦਮੀ ਪਾਰਟੀ ਦੇ ਬਾਗੀ ਆਗੂ ਕਪਿਲ ਮਿਸ਼ਰਾ ਅਤੇ ਪਾਰਟੀ ਦੀ ਮਹਿਲਾ ਵਿੰਗ ਦੀ ਮੁਖੀ ਰਿਚਾ ਪਾਂਡੇ ਕੱਲ੍ਹ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਗਏ। ਦਿੱਲੀ ਦੀ ਕੇਜਰੀਵਾਲ ਸਰਕਾਰ 'ਚ ਮੰਤਰੀ ਰਹਿ ਚੁੱਕੇ ਕਪਿਲ ਮਿਸ਼ਰਾ ਉਤਰ ਪੂਰਬੀ ਦਿੱਲੀ ਦੇ ਕਰਾਵਲ ਨਗਰ ਹਲਕੇ ਤੋਂ ਵਿਧਾਇਕ ਸਨ, ਪਰ ਕਈ ਕਾਰਨਾਂ ਕਰ ਕੇ ਬਾਅਦ ਵਿੱਚ ਜਦੋਂ ਮਿਸ਼ਰਾ ਨੂੰ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਤਾਂ ਉਨ੍ਹਾਂ ਨੇ ਸਰਕਾਰ ਤੇ ਆਮ ਆਦਮੀ ਪਾਰਟੀ ਖਿਲਾਫ ਬਾਗੀ ਸੁਰ ਅਪਣਾ ਲਏ ਅਤੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਭਾਜਪਾ ਦਾ ਪੱਲਾ ਫੜ ਲਿਆ ਹੈ।



ਕਪਿਲ ਮਿਸ਼ਰਾ ਨੇ ਭਾਜਪਾ ਦੇ ਦਿੱਲੀ ਦੇ ਪ੍ਰਧਾਨ ਮਨੋਜ ਤਿਵਾੜੀ ਅਤੇ ਪਾਰਲੀਮੈਂਟ ਮੈਂਬਰ ਵਿਜੇ ਗੋਇਲ, ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਿਜੇਂਦਰ ਗੁਪਤਾ ਅਤੇ ਹੋਰਨਾਂ ਦੀ ਮੌਜੂਦਗੀ ਵਿੱਚ ਭਾਜਪਾ ਦੀ ਮੈਂਬਰਸ਼ਿਪ ਹਾਸਲ ਕੀਤੀ ਹੈ। ਇਸ ਦੌਰਾਨ ਕਪਿਲ ਮਿਸ਼ਰਾ ਨੇ ਕੱਲ੍ਹ ਟਵੀਟ ਰਾਹੀਂ ਭਾਜਪਾ 'ਚ ਸ਼ਾਮਲ ਹੋਣ ਦੀ ਜਾਣਕਾਰੀ ਦਿੱਤੀ ਤੇ ਨਾਲ 'ਦਿੱਲੀ ਚਲੇ ਮੋਦੀ ਕੇ ਸਾਥ' ਦਾ ਨਾਅਰਾ ਲਿਖਿਆ ਸੀ। ਇਸ ਮੌਕੇ ਭਾਜਪਾ ਵਿੱਚ ਸ਼ਾਮਲ ਹੋਈ ਰਿਚਾ ਪਾਂਡੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਅੱਜ ਕੱਲ੍ਹ ਖਾਸ ਲੋਕਾਂ ਦੀ ਖਾਸ ਪਾਰਟੀ ਬਣ ਗਈ ਹੈ। ਵਰਨਣ ਯੋਗ ਹੈ ਕਿ ਮਿਸ਼ਰਾ ਨੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਹੱਕ ਵਿੱਚ ਪ੍ਰਚਾਰ ਕੀਤਾ ਸੀ। ਆਮ ਆਦਮੀ ਪਾਰਟੀ ਦੇ ਵਿਧਾਇਕ ਸੌਰਭ ਭਾਰਦਵਾਜ ਦੀ ਅਪੀਲ ਉੱਤੇ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਦੋ ਅਗਸਤ ਨੂੰ ਮਿਸ਼ਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰ ਦਿੱਤੀ ਸੀ।

# ਯੂ ਐੱਨ ਵਿੱਚ ਫਿਰ ਪਾਕਿ ਦੇ ਨਾਲ ਚੀਨ ਇਕੱਲਾ ਰਹਿ ਗਿਆ

*** ਅਮਰੀਕਾ, ਬ੍ਰਿਟੇਨ, ਰੂਸ ਤਿੰਨੇ ਭਾਰਤ ਦੇ ਪੱਖ ਵਿੱਚ ਖੜੋਤੇ**

ਯੂ ਐੱਨ ਓ, 18 ਅਗਸਤ, (ਪੋਸਟ ਬਿਊਰੋ)- ਚੀਨ ਦੀ ਮੰਗ ਉੱਤੇ ਕਸ਼ਮੀਰ ਮੁੱਦੇ ਉੱਤੇ ਉਚੇਚੀ ਚਰਚਾ ਲਈ ਯੂ ਐੱਨ ਸਕਿਓਰਟੀ ਕੌਂਸਲ ਦੀ ਅੱਜ ਹੋਈ ਬੰਦ ਕਮਰਾ ਮੀਟਿੰਗ ਵਿੱਚ ਪਾਕਿਸਤਾਨ ਦੀ ਗੱਲ ਫਿਰ ਨਹੀਂ ਬਣੀ। ਸਿਰਫ ਚੀਨ ਉਸ ਦੇ ਖੜਾ ਹੋਇਆ ਅਤੇ ਅਮਰੀਕਾ, ਬ੍ਰਿਟੇਨ ਤੇ ਰੂਸ ਤਿੰਨੇ ਹੀ ਭਾਰਤ ਦੇ ਨਾਲ ਡਟ ਕੇ ਖੜੇ ਹੋ ਗਏ।

ਅੱਜ ਸਕਿਓਰਟੀ ਕੌਂਸਲ ਦੀ ਮੀਟਿੰਗ ਦੇ ਸ਼ੁਰੂ ਹੁੰਦੇ ਸਾਰ ਇਸ ਕੌਂਸਲ ਦੇ ਮੌਜੂਦਾ ਮੁਖੀ ਪੋਲੈਂਡ ਨੇ ਇਸ ਮੁੱਦੇ ਨੂੰ ਚਰਚਾ ਲਈ ਸੂਚੀਬੱਧ ਕਰਨ ਦੀ ਜਾਣਕਾਰੀ ਦਿੱਤੀ। ਇਸ ਬੈਠਕ ਵਿੱਚ ਯੂ ਐੱਨ ਸਕਿਓਰਟੀ ਕੌਂਸਲ ਵਿੱਚ 5 ਪੱਕੇ ਅਤੇ 10 ਅਸਥਾਈ ਮੈਂਬਰ ਸ਼ਾਮਲ ਸਨ। ਇਸ ਮੌਕੇ ਭਾਰਤ ਦੇ ਪੱਖ ਵਿੱਚ ਰੂਸ, ਬ੍ਰਿਟੇਨ ਅਤੇ ਅਮਰੀਕਾ ਸਪੱਸ਼ਟ ਖੜੇ ਹੋ ਗਏ ਅਤੇ ਰੂਸ ਨੇ ਕਸ਼ਮੀਰ ਨੂੰ ਸਾਫ ਸ਼ਬਦਾਂ ਵਿੱਚ ਦੁਵੱਲਾ ਮੁੱਦਾ ਕਿਹਾ। ਬ੍ਰਿਟੇਨ ਤੇ ਅਮਰੀਕਾ ਦੀ ਰਾਏ ਸੀ ਕਿ ਇਹ ਮੁੱਦਾ ਯੂ ਐੱਨ ਓ ਦਾ ਨਹੀਂ, ਦੋ ਦੇਸ਼ਾਂ ਵਿਚਾਲੇ ਹੈ, ਦੋਵਾਂ ਦੇਸ਼ਾਂ ਨੂੰ ਮਿਲ ਕੇ ਹੱਲ ਕਰਨਾ ਚਾਹੀਦਾ ਹੈ। ਚੀਨ ਨੇ ਕਿਹਾ ਕਿ ਕਸ਼ਮੀਰ ਦੇ ਹਾਲਾਤ ਤਣਾਅ ਪੂਰਨ ਅਤੇ ਖਤਰਨਾਕ ਹਨ, ਜਿਸ ਬਾਰੇ ਉਹ ਚਿੰਤਤ ਹੈ।

ਯੂ ਐੱਨ ਵਿੱਚ ਭਾਰਤ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਅਕਬਰੂਦੀਨ ਨੇ ਸਾਫ ਕਿਹਾ ਕਿ ਧਾਰਾ-370 ਭਾਰਤ ਦਾ ਅੰਦਰੂਨੀ ਮਾਮਲਾ ਹੈ।, ਇਸ ਫੈਸਲੇ ਨਾਲ ਬਾਹਰੀ ਲੋਕਾਂ ਦਾ ਕੋਈ ਮਤਲਬ ਨਹੀਂ, ਪਰ ਇਕ ਦੇਸ਼ ਜੰਮੂ-ਕਸ਼ਮੀਰ ਬਾਰੇ ਜੱਹਾਦ ਤੇ ਹਿੰਸਾ ਦੀਆਂ ਗੱਲਾਂ ਕਰਦਾ ਹੈ, ਜਿਸ ਨੂੰ ਰੋਕਣਾ ਚਾਹੀਦਾ ਹੈ। ਭਾਰਤ ਸਰਕਾਰ ਨੇ ਇਹ ਫੈਸਲਾ ਜੰਮੂ ਕਸ਼ਮੀਰ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਾਸਤੇ ਲਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸ਼ਾਂਤੀ ਤੇ ਅੰਤਰਰਾਸ਼ਟਰੀ ਸਮਝੌਤਿਆਂ ਦਾ ਪਾਲਨ ਕਰਨ ਲਈ ਵਚਨਬੱਧ ਹੈ। ਅਕਬਰੂਦੀਨ ਨੇ ਕਿਹਾ ਕਿ ਸਾਡਾ ਦੇਸ਼ ਜੰਮੂ ਕਸ਼ਮੀਰ ਤੋਂ ਹੌਲੀ-ਹੌਲੀ ਪਾਬੰਦੀਆਂ ਹਟਾ ਰਿਹਾ ਹੈ ਤੇ ਅਸੀਂ ਹਮੇਸ਼ਾ ਦੀ ਤਰ੍ਹਾਂ ਆਪਣੀ ਨੀਤੀ ਉੱਤੇ ਕਾਇਮ ਹਾਂ ਤੇ ਰਹਾਂਗੇ।



ਇਸ ਦੌਰਾਨ ਅੱਜ ਦੀ ਇਸ ਬੈਠਕ ਤੋਂ ਠੀਕ ਪਹਿਲਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫੋਨ ਉੱਤੇ ਗੱਲਬਾਤ ਕੀਤੀ ਤੇ ਕਸ਼ਮੀਰ ਵਾਲੇ ਇਸ ਮੁੱਦੇ ਉੱਤੇ ਗੱਲਬਾਤ ਤੋਂ ਬਿਨਾ ਅਫਗਾਨਿਸਤਾਨ ਵਿੱਚ ਅਮਨ ਕਾਇਮ ਕਰਨ ਉੱਤੇ ਵੀ ਚਰਚਾ ਕੀਤੀ। ਖਾਨ ਨੇ ਇਹ ਗੱਲਬਾਤ ਓਦੋਂ ਕੀਤੀ, ਜਦੋਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨ ਦੇ ਭਾਰਤ ਦੇ ਫੈਸਲੇ ਉੱਤੇ ਚਰਚਾ ਕਰਨ ਲਈ ਯੂ ਐੱਨ ਓ ਸਕਿਓਰਟੀ ਕੌਂਸਲ ਦੀ ਬੰਦ ਕਮਰਾ ਬੈਠਕ ਸ਼ੁਰੂ ਹੋਣ ਵਾਲੀ ਸੀ। ਰੇਡੀਓ ਪਾਕਿਸਤਾਨ ਦੇ ਮੁਤਾ-ਬਕ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੱਸਿਆ ਕਿ ਇਮਰਾਨ ਖਾਨ ਨੇ ਯੂ ਐੱਨ ਸਕਿਓਰਟੀ ਕੌਂਸਲ ਦੀ ਬੈਠਕ ਬਾਰੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਭਰੋਸੇ ਵਿੱਚ ਲੈਣ ਦਾ ਯਤਨ ਕੀਤਾ ਸੀ। ਵਿਦੇਸ਼ ਮੰਤਰੀ ਕੁਰੈਸ਼ੀ ਨੇ ਕਿਹਾ ਕਿ ਦੋਵੇਂ ਨੇਤਾਵਾਂ ਦੀ ਦੋਸਤਾਨਾ ਮਾਹੌਲ ਵਿੱਚ ਗੱਲ ਹੋਈ ਐ ਦੋਵਾਂ ਨੇ ਕਸ਼ਮੀਰ ਮੁੱਦੇ ਉੱਤੇ ਆਪਸੀ ਸੰਪਰਕ ਵਿੱਚ ਰਹਿਣ ਦੀ ਸਹਿਮਤੀ ਜਤਾਈ ਹੈ।

ਦੂਸਰੇ ਪਾਸੇ ਰੂਸ ਨੇ ਜੰਮੂ ਕਸ਼ਮੀਰ ਮਸਲੇ ਉੱਤੇ ਭਾਰਤ ਅਤੇ ਪਾਕਿ-ਸਤਾਨ ਦੀਆਂ ਸਰਹੱਦਾਂ ਉੱਤੇ ਵਧਦੇ ਤਣਾਅ ਬਾਰੇ ਕਿਹਾ ਹੈ ਕਿ ਤਣਾਅ ਤੋਂ ਬਚਣਾ ਚਾਹੀਦਾ ਹੈ। ਯੂ ਐੱਨ ਓ ਵਿੱਚ ਰੂਸ ਦੇ ਉਪ ਸਥਾਈ ਨੁਮਾਇੰਦੇ ਦਮਿਤ੍ਰੀ ਪੋਲਾਂਸਕੀ ਤੋਂ ਪੱਤਰਕਾਰਾਂ ਨੇ ਜਦੋਂ ਭਾਰਤ-ਪਾਕਿ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਰੂਸ ਇਸ ਮਾਮਲੇ ਉੱਤੇ ਬੇਹੱਦ ਚਿੰਤਤ ਹੈ ਅਤੇ ਆਸ ਕਰਦਾ ਹੈ ਕਿ ਦੋਵੇਂ ਦੇਸ਼ ਤਣਾਅ ਦੀ ਸਥਿਤੀ ਤੋਂ ਬਚਣਗੇ।

# ਪਾਕਿਸਤਾਨ ਨੇ ਭਾਰਤੀ ਫਿਲਮਾਂ ਖਿਲਾਫ ਵੀ ਮੁਹਿੰਮ ਛੇੜੀ

ਇਸਲਾਮਾਬਾਦ, 18 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਭਾਰਤੀ ਫਿਲਮਾਂ ਦੀਆਂ ਸੀਡੀਜ਼ ਦੀ ਵਿਕਰੀ ਖਿਲਾਫ ਮੁ-ਹਿੰਮ ਵਿੱਢ ਦਿੱਤੀ ਹੈ। ਭਾਰਤ ਵੱਲੋਂ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਧਾਰਾ 370 ਨੂੰ ਰੱਦ ਕਰਨ ਮਗਰੋਂ ਪਾਕਿਸਤਾਨ ਸਰਕਾਰ ਨੇ ਇਹ ਨਵੀਂ ਮੁਹਿੰਮ ਚਲਾਈ ਹੈ। ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ ਨੇ ਭਾਰਤੀ ਕਲਾਕਾਰਾਂ ਅਤੇ ਭਾਰਤ ਦੇ ਬਣੇ ਉਤਪਾਦਾਂ ਵਾਲੇ ਇਸ਼ਤਿਹਾਰਾਂ ਦੇ ਪ੍ਰਸਾਰਨ 'ਤੇ ਪਾਬੰਦੀ ਲਾਉਣ ਮਗਰੋਂ ਇਹ ਨਵਾਂ ਫਰਮਾਨ ਜਾਰੀ ਕੀਤਾ ਦੱਸਿਆ ਜਾਂਦਾ ਹੈ।

'ਡਾਨ' ਅਖਬਾਰ ਨੇ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਦੇ ਹਵਾਲੇ ਨਾਲ ਕਿਹਾ ਹੈ ਕਿ ਉਨ੍ਹਾਂ ਭਾਰਤੀ ਇਸ਼ਤਿਹਾਰਾਂ 'ਤੇ ਪਾਬੰਦੀ ਲਾ ਦਿੱਤੀ ਗਈ ਹੈ ਅਤੇ ਸੀਡੀ ਦੀਆਂ ਦੁਕਾਨਾਂ ਉੱਤੇ ਛਾਪੇ ਮਾਰੇ ਹਨ ਤਾਂ ਜੋ ਭਾਰਤੀ ਫਿਲਮਾਂ ਨੂੰ ਜ਼ਬਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਕੇਂਦਰੀ ਰਾਜਧਾਨੀ 'ਚ ਪਹਿਲਾਂ ਹੀ ਭਾਰਤੀ ਫਿਲਮਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਅੱਗੋਂ ਮੁਲਕ ਦੇ ਹੋਰ ਹਿੱਸਿਆਂ 'ਚ ਵੀ ਛਾਪੇ ਮਾਰੇ ਜਾਣਗੇ।

ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ ਨੇ ਕਿਹਾ ਕਿ ਉਨ੍ਹਾਂ ਭਾਰਤੀ ਚੈਨਲਾਂ ਨੂੰ ਦਿਖਾਉਣ ਦੀ ਇਜਾਜ਼ਤ ਪਹਿਲਾਂ ਹੀ ਵਾਪਸ ਲੈ ਲਈ ਹੈ। ਇਹ ਫੈਸਲਾ ਪਾਕਿਸਤਾਨੀ ਸੁਪਰੀਮ ਕੋਰਟ ਵੱਲੋਂ ਪਿਛਲੇ ਸਾਲ ਅਕਤੂਬਰ 'ਚ ਨਿਰਦੇਸ਼ ਦਿੱਤੇ ਜਾਣ ਮਗਰੋਂ ਲਿਆ ਗਿਆ ਸੀ।

# ਭਾਰਤ ਤੋਂ ਚੋਰੀ ਹੋਈਆਂ ਪ੍ਰਾਚੀਨ ਮੂਰਤੀਆਂ ਆਜ਼ਾਦੀ ਦਿਹਾੜੇ ਮੌਕੇ ਭਾਰਤ ਨੂੰ ਮਿਲੀਆਂ

ਲੰਡਨ, 18 ਅਗਸਤ (ਪੋਸਟ ਬਿਊਰੋ)- ਭਾਰਤ ਤੋਂ ਕਈ ਸਾਲ ਪਹਿਲਾਂ ਚੋਰੀ ਹੋਈਆਂ ਦੋ ਪ੍ਰਾਚੀਨ ਮੂਰਤੀਆਂ ਨੂੰ ਆਜ਼ਾਦੀ ਦਿਨ ਮੌਕੇ ਭਾਰਤ ਨੂੰ ਸੌਂਪਿਆ ਗਿਆ ਹੈ। ਅਮਰੀਕਾ-ਬ੍ਰਿਟੇਨ ਦੀ ਇਕ ਸਾਂਝੀ ਟੀਮ ਨੇ ਇਨ੍ਹਾਂ ਮੂਰਤੀਆਂ ਦੀ ਖੋਜ ਕੀਤੀ ਸੀ। ਜਦੋਂ ਲੰਡਨ 'ਚ ਭਾਰਤੀ ਹਾਈ ਕਮਿਸ਼ਨ 'ਚ 73ਵੇਂ ਸੁਤੰਤਰਤਾ ਦਿਵਸ ਦਾ ਜਸ਼ਨ ਮਨਾਇਆ ਤਾਂ ਯੂ ਕੇ ਦੇ ਸਬੰਧਤ ਅਧਿਕਾਰੀਆਂ ਨੇ ਭਾਰਤੀ ਹਾਈ ਕਮਿਸ਼ਨਰ ਰੁਚੀ ਘਣਸ਼ਿਆਮ ਨੂੰ ਇਹ ਮੂਰਤੀਆਂ ਸੌਂਪੀਆਂ।

ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚੋਂ ਇਕ ਮੂਰਤੀ ਆਂਧਰਾ ਪ੍ਰਦੇਸ਼ ਦੀ ਹੈ ਅਤੇ ਇਹ ਚੂਨਾ ਪੱਥਰ ਨਾਲ ਬਣੀ ਈਸਾ ਤੋਂ ਇਕ ਸਦੀ ਪਹਿਲਾਂ ਜਾਂ ਇਕ ਸਦੀ ਬਾਅਦ ਦੀ ਹੋ ਸਕਦੀ ਹੈ। ਇਸ ਤੋਂ



ਬਿਨਾ ਤਾਮਿਲ ਨਾਡੂ ਦੀ ਇੱਕ ਕਾਂਸੇ ਦੀ ਮੂਰਤੀ 'ਨਵਨੀਤ ਕ੍ਰਿਸ਼ਣ' ਹੈ। ਇਹ 17ਵੀਂ ਸਦੀ ਦੀ ਹੈ। ਭਾਰਤੀ ਹਾਈ ਕਮਿਸ਼ਨਰ ਰੁਚੀ ਘਣਸ਼ਿਆਮ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਚੂਨਾ ਪੱਥਰ ਵਾਲੀ ਮੂਰਤੀ ਕਰੀਬ 2000 ਸਾਲ ਪੁਰਾਣੀ ਹੈ ਅਤੇ ਕ੍ਰਿਸ਼ਨ ਦੀ ਕਾਂਸੇ ਦੀ ਮੂਰਤੀ 300 ਸਾਲ ਪੁਰਾਣੀ ਹੈ। ਅਸੀਂ ਇਨ੍ਹਾਂ ਮੂਰਤੀਆਂ ਦੀ ਕੀਮਤ ਨਹੀਂ ਲਾ ਸਕਦੇ, ਕਿਉਂਕਿ ਇਹ ਅਨਮੋਲ ਹੈ।

# ਗ੍ਰੀਨਲੈਂਡ ਦਾ ਟਰੰਪ ਨੂੰ ਜਵਾਬ: 'ਕਾਰੋਬਾਰ ਤਾਂ ਠੀਕ, ਪਰ ਸਾਡਾ ਟਾਪੂ ਵਿਕਾਊ ਨਹੀਂ'

ਕੋਪਨਹੇਗਨ, 18 ਅਗਸਤ, (ਪੋਸਟ ਬਿਊਰੋ)- ਗ੍ਰੀਨਲੈਂਡ ਨੇ ਸ਼ਨੀਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਾਫ ਸ਼ਬਦਾਂ ਵਿੱਚ ਕਹਿ ਦਿੱਤਾ ਹੈ ਕਿ ਉਨ੍ਹਾਂ ਦਾ ਟਾਪੂ ਕਾਰੋਬਾਰ ਕਰਨ ਲਈ ਖੁੱਲ੍ਹਾ ਹੈ, ਪਰ ਵਿਕਾਊ ਨਹੀਂ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਟਾਪੂ ਖਰੀਦਣ ਦੀ ਇੱਛਾ ਪ੍ਰਗਟਾਈ ਸੀ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਡੋਨਾਲਡ ਟਰੰਪ ਇਸ ਬਾਰੇ ਗੰਭੀਰ ਹਨ ਤੇ ਉਨ੍ਹਾਂ ਨੇ ਇਸ ਸਬੰਧ ਵਿੱਚ ਵ੍ਹਾਈਟ ਹਾਊਸ ਦੇ ਸਲਾਹਕਾਰਾਂ ਦੀ ਰਾਏ ਲਈ ਹੈ। ਸਤੰਬਰ ਵਿੱਚ ਉਹ ਕੋਪਨਹੇਗਨ (ਡੈਨਮਾਰਕ) ਦੀ ਯਾਤਰਾ ਉੱਤੇ ਜਾ ਰਹੇ ਹਨ ਅਤੇ ਗ੍ਰੀਨਲੈਂਡ ਵੀ ਡੈਨਮਾਰਕ ਦੇ ਅਧਿਕਾਰ ਖੇਤਰ ਵਿੱਚ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਦੀ ਇਸ ਯੋਜਨਾ ਨੂੰ ਡੈਨਮਾਰਕ ਦੇ ਕਈ ਨੇਤਾਵਾਂ ਨੇ ਰੱਦ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਡੈਨਮਾਰਕ ਦੇ ਸਾਬਕਾ ਪ੍ਰਧਾਨ ਮੰਤਰੀ ਲਾਰਸ ਲੋਕੇ ਰਾਸਮੁਸੇਨ ਨੇ ਟਵੀਟ ਕੀਤਾ, 'ਅਮਰੀਕੀ ਰਾਸ਼ਟਰਪਤੀ ਦੀ ਯੋਜਨਾ ਅਪ੍ਰੈਲ ਫੂਲ ਦੇ ਮਜ਼ਾਕ ਤੋਂ ਵੱਧ ਨਹੀਂ ਹੈ, ਇਹ ਬਕਵਾਸ ਹੈ।' ਗ੍ਰੀਨਲੈਂਡ ਦੇ ਪ੍ਰੀਮੀਅਰ ਕਿਮ ਕੀਲਸੇਨ ਨੇ ਸਾਫ ਕਿਹਾ, 'ਸਾਡਾ ਟਾਪੂ ਅਮਰੀਕਾ ਸਮੇਤ ਕਿਸੇ ਵੀ ਦੇਸ਼ ਦੇ ਕਾਰੋਬਾਰ ਲਈ ਖੁੱਲ੍ਹਾ ਹੈ, ਪਰ ਟਾਪੂ ਕਿਸੇ ਵੀ ਤਰ੍ਹਾਂ ਵੇਚਿਆ ਨਹੀਂ ਜਾਵੇਗਾ।' ਗ੍ਰੀਨਲੈਂਡ ਦੀ ਪਾਰਲੀਮੈਂਟ ਮੈਂਬਰ ਆਜਾ ਚੇਮ-ਨਵਿਟਜ ਨੇ ਕਿਹਾ, 'ਸਾਡਾ ਟਾਪੂ ਖਰੀਦਣ ਦੀ ਯੋਜਨਾ ਲਈ ਟਰੰਪ ਦਾ ਧੰਨਵਾਦ।'

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਕਿਸੇ ਨੇ ਗ੍ਰੀਨਲੈਂਡ ਬਾਰੇ ਆਪਣੀ ਇੱਛਾ ਪ੍ਰਗਟਾਈ ਹੋਵੇ। ਇਸ ਤੋਂ ਪਹਿਲਾਂ 1946 ਵਿੱਚ ਉਸ ਵਕਤ ਦੇ ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਦਸ ਕਰੋੜ ਡਾਲਰ ਵਿੱਚ ਡੈਨਮਾਰਕ ਤੋਂ ਇਸ ਦੇ ਇਸ ਬਰਫੀਲੇ ਟਾਪੂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਸੀ। ਗ੍ਰੀਨਲੈਂਡ ਦੇ ਉੱਤਰੀ-ਪੱਛਮੀ ਖੇਤਰ ਵਿੱਚ ਅਮਰੀਕੀ ਹਵਾਈ ਫੌਜ ਦਾ ਅੱਡਾ ਹੈ, ਜਿੱਥੇ ਕਰੀਬ 600 ਫੌਜੀ ਤਾਇਨਾਤ ਹਨ। ਗ੍ਰੀਨਲੈਂਡ ਵਿੱਚ ਲਗਭਗ 57 ਹਜ਼ਾਰ ਲੋਕ ਰਹਿੰਦੇ ਹਨ।

# ਇਰਾਨ ਦਾ ਟੈਂਕਰ 'ਗ੍ਰੇਸ ਵੰਨ' ਫੜ੍ਹਨ ਲਈ ਅਮਰੀਕਾ ਨੇ ਵਾਰੰਟ ਜਾਰੀ ਕੀਤਾ




ਵਾਸ਼ਿੰਗਟਨ, 18 ਅਗਸਤ, (ਪੋਸਟ ਬਿਊਰੋ)- ਈਰਾਨ ਦੇ ਤੇਲ ਟੈਂਕਰ ਗ੍ਰੇਸ ਵੰਨ ਨੂੰ ਜਿਬ੍ਰਾਲਟਰ ਵਿੱਚ ਰੁਕਵਾ ਸਕਣ ਤੋਂ ਅਸਫਲ ਰਹੇ ਅਮਰੀਕਾ ਨੇ ਉਸ ਨੂੰ ਫੜਨ ਦਾ ਨਵਾਂ ਰਾਹ ਲੱਭਿਆ ਹੈ। ਉਸ ਦੇ ਨਿਆਂ ਵਿਭਾਗ ਨੇ ਵਾਰੰਟ ਜਾਰੀ ਕਰ ਕੇ ਅਮਰੀਕੀ ਨੇਵੀ ਅਤੇ ਹੋਰਨਾਂ ਏਜੰਸੀਆਂ ਨੂੰ ਟੈਂਕਰ ਉੱਤੇ ਕਬਜ਼ਾ ਕਰਨ ਦਾ ਆਦੇਸ਼ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ 21 ਲੱਖ ਬੈਰਲ ਤੇਲ ਨਾਲ ਭਰਿਆ ਇਹ ਟੈਂਕਰ ਇਸ ਵਕਤ ਭੂਮੱਧ ਸਾਗਰ ਵਿੱਚ ਬ੍ਰਿਟੇਨ ਦੀ ਜਲ ਸੀਮਾ ਦੇ ਅੰਦਰ ਟਿਕਿਆ ਹੈ। ਇਸ ਨੂੰ ਪਿਛਲੇ ਵੀਰਵਾਰ ਜਿਬ੍ਰਾਲਟਰ ਨੇ ਛੱਡ ਦਿੱਤਾ ਸੀ। ਟੈਂਕਰ ਦੇ 28 ਮੈਂਬਰੀ ਚਾਲਕ ਦਲ ਵਿੱਚ ਕੈਪਟਨ ਸਮੇਤ 24 ਜਣੇ ਭਾਰਤੀ ਹਨ। ਅਮਰੀਕਾ ਵਿੱਚ ਇਸ ਬਾਰੇ ਹੋਈ ਸੁਣਵਾਈ ਦੌਰਾਨ ਗ੍ਰੇਸ ਵੰਨ ਨੂੰ ਈਰਾਨ ਦੇ ਰੈਵੋਲੂਸ਼ਨਰੀ ਗਾਰਡਸ ਕੋਰ ਨਾਲ ਸਬੰਧਤ ਦੱਸਿਆ ਗਿਆ ਹੈ। ਈਰਾਨ ਦੇ ਰੈਵੋਲੂਸ਼ਨਰੀ ਗਾਰਡਸ ਕੋਰ ਨੂੰ ਅਮਰੀਕਾ ਨੇ ਅੱਤਵਾਦੀ ਜਥੇਬੰਦੀ ਐਲਾਨ ਕੀਤਾ ਹੋਇਆ ਹੈ। ਦੋਸ਼ ਇਹ ਲਾਇਆ ਗਿਆ ਹੈ ਕਿ ਇਹ ਟੈਂਕਰ ਅਮਰੀਕਾ ਦੇ ਆਰਥਿਕ ਪ੍ਰਬੰਧ ਵਿੱਚ ਨਾਜਾਇਜ਼ ਘੁਸਪੈਠ ਦੀ ਕੋਸ਼ਿਸ਼ ਕਰ ਰਿਹਾ ਸੀ। ਪਾਬੰਦੀ ਲੱਗਣ ਪਿੱਛੋਂ ਇਹ ਟੈਂਕਰ ਸੀਰੀਆ ਨੂੰ ਤੇਲ ਦੀ ਸਪਲਾਈ ਕਰਨ ਚੱਲਿਆ ਸੀ। ਅਮਰੀਕਾ ਵੱਲੋਂ ਜਾਰੀ ਕੀਤੇ ਵਾਰੰਟ ਵਿੱਚ ਤੇਲ ਭਰਿਆ ਟੈਂਕਰ ਤੇ ਬੈਂਕ ਵਿੱਚ ਉਸ ਦੀ ਕੰਪਨੀ ਦੇ ਜਮ੍ਹਾਂ 9,95,000 ਡਾਲਰ ਜ਼ਬਤ ਕਰਨ ਦਾ ਆਦੇਸ਼ ਵੀ ਦਿੱਤਾ ਗਿਆ ਹੈ। ਟੈਂਕਰ ਚਲਾ ਰਹੀ ਕੰਪਨੀ ਉੱਤੇ ਇੰਟਰਨੈਸ਼ਨਲ ਐਮਰਜੈਂਸੀ ਇਕੋਨਾਮਿਕ ਪਾਵਰ ਐਕਟ, ਬੈਂਕ ਨਾਲ ਫਰਾਡ, ਮਨੀ ਲਾਂਡਰਿੰਗ ਤੇ ਅੱਤਵਾਦ ਫੈਲਾਉਣ ਦੇ ਗੰਭੀਰ ਦੋਸ਼ ਲਾਏ ਗਏ ਹਨ। ਜਾਣਕਾਰ ਸੂਤਰਾਂ ਮੁਤਾਬਕ ਟੈਂਕਰ ਦੇ ਚਾਲਕ ਦਲ ਦੇ ਕੁਝ ਮੈਂਬਰ ਛੁੱਟੀ ਚਲੇ ਗਏ ਹਨ। ਇਸ ਕਾਰਨ ਉਸ ਦੇ ਨਵੇਂ ਚਾਲਕਾਂ ਦੀ ਉਡੀਕ ਵਿੱਚ ਟੈਂਕਰ ਭੂਮੱਧ ਸਾਗਰ ਵਿੱਚ ਖੜ੍ਹਾ ਹੈ। ਇਸ ਮੌਕੇ ਟੈਂਕਰ ਦੇ ਭਾਰਤੀ ਕੈਪਟਨ ਨੇ ਸੇਵਾ ਮੁਕਤੀ ਦੀ ਅਰਜ਼ੀ ਦੇ ਦਿੱਤੀ ਹੈ। ਉਸ ਦੇ ਵਕੀਲ ਮੁਤਾਬਕ ਟੈਂਕਰ ਵਿੱਚ ਕੁਝ ਮੁਰੰਮਤ ਦੀ ਲੋੜ ਵੀ ਹੈ। ਇਸ ਸਮੇਂ ਦੌਰਾਨ ਕੈਪਟਨ ਨੇ ਉਸ ਜਹਾਜ਼ ਨੂੰ ਛੱਡਣ ਦੀ ਇੱਛਾ ਪ੍ਰਗਟ ਕਰ ਦਿੱਤੀ ਹੈ।

# ਪਾਕਿ ਨੂੰ ਨਵਾਂ ਝਟਕਾ, ਅਮਰੀਕਾ ਨੇ 44 ਕਰੋੜ ਡਾਲਰ ਦੀ ਮਦਦ ਰੋਕ ਲਈ

ਵਾਸ਼ਿੰਗਟਨ, 18 ਅਗਸਤ, (ਪੋਸਟ ਬਿਊਰੋ)- ਆਰਥਿਕ ਪੱਖ ਤੋਂ ਬਹੁਤ ਬੁਰੇ ਹਾਲਾਤ ਵਿੱਚ ਫਸੇ ਹੋਏ ਪਾਕਿਸਤਾਨ ਨੂੰ ਅਮਰੀਕਾ ਤੋਂ ਇਕ ਹੋਰ ਵੱਡਾ ਝਟਕਾ ਲੱਗਾ ਹੈ। ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਵਿੱਚ ਕਰੀਬ 44 ਕਰੋੜ ਡਾਲਰ ਦੀ ਕਟੌਤੀ ਕਰ ਦਿੱਤੀ ਹੈ। ਇਸ ਦੇ ਬਾਅਦ ਉਸ ਨੂੰ ਅਮਰੀਕਾ ਤੋਂ ਸਿਰਫ 4.1 ਅਰਬ ਡਾਲਰ ਦੀ ਆਰਥਿਕ ਸਹਾਇਤਾ ਹੀ ਮਿਲਣ ਦੀ ਆਸ ਜਤਾਈ ਜਾ ਰਹੀ ਹੈ। 'ਦਿ ਐਕਸਪ੍ਰੈੱਸ ਟਿਰਬਿਊਨ' ਦੀ ਰਿਪੋਰਟ ਮੁਤਾਬਕ ਅਮਰੀਕਾ ਇਹ ਆਰਥਿਕ ਮਦਦ ਪਾਕਿਸਤਾਨ ਇਨਹਾਂਸ ਪਾਰਟਨਰਸ਼ਿਪ ਐਗਰੀਮੈਂਟ (ਪੀਪਾ)-2010 ਦੇ ਅਧੀਨ ਦੇਂਦਾ ਸੀ। ਰਿਪੋਰਟ ਦੇ ਮੁਤਾਬਕ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਆਰਥਿਕ ਮਦਦ ਵਿੱਚ ਇਸ ਕਟੌਤੀ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਵਾਸ਼ਿੰਗਟਨ ਦੌਰੇ ਤੋਂ ਤਿੰਨ ਹਫ਼ਤੇ ਪਹਿਲਾਂ ਹੀ ਸੰਕੇਤ ਦੇ ਦਿੱਤਾ ਸੀ। ਪਤਾ ਲੱਗਾ ਹੈ ਕਿ ਪੀ ਈ ਪੀ ਏ ਨੂੰ ਸਤੰਬਰ 2010 ਵਿੱਚ ਕੈਰੀ ਲੂਗਰ ਬਰਮਨ (ਕੇ ਐੱਲ ਬੀ) ਐਕਟ ਨੂੰ ਜਾਰੀ ਰੱਖਣ ਦਾ ਫੈਸਲਾ ਹੋਇਆ ਸੀ। ਇਹ ਐਕਟ ਅਮਰੀਕੀ ਕਾਂਗਰਸ ਨੇ ਅਕਤੂਬਰ 2009 ਵਿੱਚ ਪਾਸ ਕੀਤਾ ਸੀ ਤੇ ਇਸ ਹੇਠ ਪੰਜ ਸਾਲ ਵਿਚ ਪਾਕਿ-ਸਤਾਨ ਨੂੰ 7.5 ਅਰਬ ਡਾਲਰ ਆਰਥਿਕ ਮਦਦ ਦਿੱਤੀ ਜਾਣੀ ਸੀ। ਤਾਜ਼ਾ ਕਟੌਤੀ ਤੋਂ ਬਾਅਦ ਇਹ ਆਰਥਿਕ ਮਦਦ 4.1 ਅਰਬ ਡਾਲਰ ਰਹਿ ਗਈ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਸਤੰਬਰ ਵਿੱਚ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾ ਰਹੀ ਆਰਥਿਕ ਮਦਦ ਵਿੱਚ 30 ਕਰੋੜ ਡਾਲਰ ਕਟੌਤੀ ਕਰ ਦਿੱਤੀ ਸੀ। ਇਹ ਕਟੌਤੀ ਅੱਤਵਾਦ ਨਾਲ ਲੜਨ ਦੇ ਪੱਖ ਤੋਂ ਪਾਕਿਸਤਾਨ ਦੇ ਨਾਕਾਮ ਰਹਿਣ ਦੇ ਹਵਾਲੇ ਨਾਲ ਕੀਤੀ ਗਈ ਸੀ।

# ਕਾਬੁਲ ਵਿੱਚ ਵਿਆਹ ਸਮਾਗਮ ਦੇ ਹਾਲ ਵਿੱਚ ਧਮਾਕਾ, 63 ਮੌਤਾਂ, 182 ਤੋਂ ਵੱਧ ਜ਼ਖ਼ਮੀ



ਕਾਬੁਲ, 18 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਸ਼ਨੀਵਾਰ ਦੇਰ ਰਾਤ ਇੱਕ ਵੱਡੇ ਆਤਮਘਾਤੀ ਬੰਬ ਧਮਾਕੇ ਵਿੱਚ ਘੱਟੋ-ਘੱਟ 63 ਲੋਕਾਂ ਦੀ ਮੌਤ ਹੋ ਗਈ ਤੇ 182 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਗ੍ਰਹਿ ਮੰਤਰਾਲੇ ਦੇ ਬੁਲਾਰੇ ਮੁਤਾ-ਬਕ ਇਹ ਧਮਾਕਾ ਪੱਛਮ ਕਾਬਲ ਦੇ ਇੱਕ ਵੈਡਿੰਗ ਹਾਲ ਵਿੱਚ ਹੋਇਆ। ਇਸ ਸਮਾਰੋਹ ਵਿੱਚ ਇੱਕ ਹਜ਼ਾਰ ਤੋਂ ਵੱਧ ਮਹਿਮਾਨ ਮੌਜੂਦ ਸਨ। ਮਰਨ ਵਾਲਿਆਂ ਦੀ ਗਿਣਤੀ ਹਾਲੇ ਹੋਰ ਵੱਧ ਸਕਦੀ ਹੈ। ਅਫਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਮੁਤਾਬਕ ਇਹ ਘਟਨਾ ਸ਼ਨੀਵਾਰ ਰਾਤ ਸਥਾਨਕ ਸਮੇਂ ਅਨੁਸਾਰ 10.40 ਵਜੇ ਦੀ ਹੈ। ਗ੍ਰਹਿ ਮੰਤਰਾਲੇ ਦੇ ਬੁਲਾਰੇ ਨੁਸਰਤ ਰਹੀਮੀ ਨੇ ਦੱਸਿਆ ਹੈ ਕਿ ਹਾਲੇ ਤੱਕ ਇਸ ਹਮਲੇ ਦੀ ਕਿਸੇ ਨੇ ਜ਼ਿੰਮੇਵਾਰੀ ਨਹੀਂ ਲਈ, ਇਸ ਕਰ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਧਮਾਕੇ ਦੇ ਪਿੱਛੇ ਕੌਣ ਹੈ। ਇਸ ਇਲਾਕੇ ਵਿੱਚ ਘੱਟ-ਗਿਣਤੀ ਸ਼ੀਆ ਹਜ਼ਾਰਾ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਨੁਸਰਤ ਰਹੀਮੀ ਨੇ ਦੱਸਿਆ ਕਿ ਕਿਸੇ ਹਮਲਾਵਰ ਨੇ ਸਮਾਰੋਹ ਵਿੱਚ ਮੌਜੂਦ ਲੋਕਾਂ ਦੇ ਵਿਚਾਲੇ ਧਮਾਕਾ ਕਰ ਦਿੱਤਾ। ਇਹ ਧਮਾਕਾ ਵਿਆਹ ਦੀ ਸਟੇਜ ਕੋਲ ਹੋਇਆ, ਜਿੱਥੇ ਸੰਗੀਤਕਾਰ ਮੌਜੂਦ ਸਨ। ਇੱਕ ਚਸ਼ਮਦੀਦ ਨੇ ਹਮਲੇ ਵਿੱਚ ਕਈ ਬੱਚੇ ਵੀ ਮਾਰੇ ਜਾਣ ਦਾ ਦਾਅਵਾ ਕੀਤਾ ਅਤੇ ਦੱਸਿਆ ਕਿ ਧਮਾਕੇ ਤੋਂ ਬਾਅਦ ਵੈਡਿੰਗ ਹਾਲ ਵਿੱਚ ਹਫੜਾ-ਦਫੜੀ ਅਤੇ ਚੀਕ-ਚਿਹਾੜਾ ਮੱਚ ਗਿਆ ਸੀ।

Honesty, Reliability, Commitment
SELL FOR MORE BUY FOR LESS
1 yr Home Warranty
Free valuation & Lowest Commission
We Help to get mortgage
Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

MICHELIN
Hankook
Continental
ROADLUX
BFGoodrich
AEOLUS
COMPASAL
Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਸ਼ਾਦੀ ਡਾਟ ਕਾਮ ਉਤੇ 20 ਔਰਤਾਂ ਨੂੰ ਧੋਖਾ ਦੇਣ ਵਾਲਾ ਮੇਰਠ ਤੋਂ ਗ੍ਰਿਫਤਾਰ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- 46 ਸਾਲ ਦੇ ਇੱਕ ਵਿਅਕਤੀ ਨੂੰ ਵਿਆਹ ਕਰਾਉਣ ਵਾਲੀ ਵੈੱਬਸਾਈਟ 'ਤੇ 20 ਔਰਤਾਂ ਨੂੰ ਧੋਖਾ ਦੇਣ ਦੇ ਦੋਸ਼ ਵਿੱਚ ਮੇਰਠ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਸ ਨੇ ਕੱਲ੍ਹ ਏਥੇ ਦੱਸਿਆ ਕਿ ਦੋਸ਼ੀ ਦਾ ਨਾਂਅ ਗੌਰਵ ਧਮੀਜਾ ਹੈ, ਜੋ ਕਾਰ ਦੇ ਪਾਰਟਸ ਵੇਚਣ ਦਾ ਕੰਮ ਕਰਦਾ ਹੈ। ਇਹ ਮੁੱਖ ਤੌਰ 'ਤੇ ਵਿਧਵਾ ਅਤੇ ਤਲਾਕ ਸ਼ੁਦਾ ਔਰਤਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਸੀ ਅਤੇ ਸਾਈਟ 'ਤੇ ਆਪਣੇ ਆਪ ਨੂੰ ਇੱਕ ਹੈਂਡਸਮ ਪੁਰਸ਼ ਦੀ ਤਰ੍ਹਾਂ ਦਿਖਾਉਂਦਾ ਸੀ ਜੋ ਸਾਲ ਵਿੱਚ 25-30 ਲੱਖ ਰੁਪਏ ਕਮਾਉਂਦਾ ਹੈ। ਸਾਈਬਰ ਸੈੱਲ ਦੇ ਡੀ ਸੀ ਪੀ ਅਨਿਵੇਸ਼ ਰਾਏ ਨੇ ਕਿਹਾ, ਇਸ ਦੇ ਖਿਲਾਫ ਸਾਈਬਰ ਕਰਾਈਮ ਯੂਨਿਟ ਵਿੱਚ ਸ਼ਿਕਾਇਤ ਮਿਲੀ ਸੀ ਜਿਸ ਵਿੱਚ ਇੱਕ ਮਹਿਲਾ ਨੇ ਕਿਹਾ ਕਿ ਉਸ ਨੇ ਇਸ ਸ਼ਖਸ ਵੱਲ ਰੁਚੀ ਦਿਖਾਈ ਸੀ ਜਿਸ ਦੇ ਬਾਅਦ ਇਸ ਨੇ ਮਹਿਲਾ ਤੋਂ ਆਪਣੇ ਖਾਤੇ ਵਿੱਚ ਪੈਸੇ ਪਵਾਏ ਸਨ। ਧਮੀਜਾ ਨੇ ਫਿਰ ਮਹਿਲਾ ਨੂੰ ਭਾਵਨਾਵਾਂ ਦੇ ਜਾਲ ਵਿੱਚ ਫਸਾਇਆ ਤੇ ਕਿਹਾ ਕਿ ਉਹ ਆਪਣੀ ਪਤਨੀ ਤੋਂ ਪੀੜਤ ਹੈ ਤੇ ਮਹਿਲਾ ਨਾਲ ਵਾਅਦਾ ਕੀਤਾ ਕਿ ਉਹ ਮਹਿਲਾ ਨੂੰ ਮਹਿੰਗੇ ਤੋਹਫੇ ਦੇਵੇਗਾ। ਪੁਲਸ ਨੇ ਦੱਸਿਆ ਕਿ ਇੱਕ ਵਾਰ ਜਦ ਪੀੜਤ ਔਰਤ ਧਮੀਜਾ ਦੇ ਝਾਂਸੇ ਵਿੱਚ ਫਸ ਗਈ ਤਾਂ ਇਸ ਨੇ ਵੱਖ-ਵੱਖ ਬਹਾਨੇ ਕਰ ਕੇ ਉਸ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ, ਜਿਵੇਂ ਮਾਤਾ ਪਿਤਾ ਦਾ ਇਲਾਜ, ਕਾਰੋਬਾਰ ਵਿੱਚ ਨਿਵੇਸ਼ ਅਤੇ ਹੋਰ ਬਹਾਨੇ। ਪੁਲਸ ਨੇ ਕਿਹਾ ਕਿ ਸ਼ਿਕਾਇਤ ਪਿੱਛੋਂ ਉਸ ਉੱਤੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ।

## ਉਨਾਵ ਮਾਮਲਾ:

# ਸੀ ਬੀ ਆਈ ਨੇ ਜਾਂਚ ਪੂਰੀ ਕਰਨ ਲਈ ਇੱਕ ਹਫਤਾ ਮੰਗਿਆ




ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਸੀ ਬੀ ਆਈ ਨੇ 2017 ਦੇ ਉਨਾਵ ਸਮੂਹਿਕ ਬਲਾਤਕਾਰ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਉਤਰ ਪ੍ਰਦੇਸ਼ ਤੋਂ ਟਰਾਂਸਫਰ ਕੀਤੇ ਚਾਰ ਵਿੱਚੋਂ ਇੱਕ ਕੇਸ ਦੀ ਜਾਂਚ ਪੂਰੀ ਕਰਨ ਦੇ ਲਈ ਦਿੱਲੀ ਦੀ ਕੋਰਟ ਤੋਂ ਇੱਕ ਹਫਤੇ ਦਾ ਹੋਰ ਸਮਾਂ ਮੰਗਿਆ ਅਤੇ ਕੇਸ ਦੀ ਸਟੇਟਸ ਰਿਪੋਰਟ ਦਾਇਰ ਕੀਤੀ ਹੈ। ਜ਼ਿਲ੍ਹਾ ਜੱਜ ਧਰਮੇਸ਼ ਸ਼ਰਮਾ ਦੇ ਸਾਹਮਣੇ ਸੀ ਬੀ ਆਈ ਨੇ ਇਹ ਅਰਜ਼ੀ ਦਿੱਤੀ, ਜੋ ਉਸ ਮਾਮਲੇ ਦੀ ਸੁਣਵਾਈ ਕਰ ਰਹੇ ਹਨ, ਜਿਸ ਵਿੱਚ ਸ਼ੁਭਮ ਸਿੰਘ, ਨਰੇਸ਼ ਤਿਵਾੜੀ ਅਤੇ ਬਰਜੇਸ਼ ਸਿੰਘ ਯਾਦਵ ਦੋਸ਼ੀ ਹਨ। ਮਹਿਲਾ ਦੇ ਨਾਲ ਦੋ ਅਲੱਗ ਅਲੱਗ ਘਟਨਾਵਾਂ ਵਿੱਚ 2017 ਵਿੱਚ ਭਾਜਪਾ ਤੋਂ ਕੱਢੇ ਗਏ ਵਿਧਾਇਕ ਕੁਲਦੀਪ ਸਿੰਘ ਸੇਂਗਰ ਅਤੇ ਤਿੰਨ ਹੋਰਾਂ ਨੇ ਬਲਾਤਕਾਰ ਕੀਤਾ ਸੀ। ਘਟਨਾ ਦੇ ਸਮੇਂ ਉਹ ਨਾਬਾਲਗ ਸੀ। ਸੇਂਗਰ ਦੇ ਖਿਲਾਫ ਅਲੱਗ ਤੋਂ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਸ਼ੁੱਕਰਵਾਰ ਨੂੰ ਸੁਣਵਾਈ ਸ਼ੁਰੂ ਹੋਈ ਹੈ। ਉਸ ਦਿਨ ਬਲਾਤਕਾਰ ਕੇਸ ਦੀ ਸੁਣਵਾਈ ਦੌਰਾਨ ਸੀ ਬੀ ਆਈ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲ ਅਸ਼ੋਕ ਭਾਰਤੇਂਦੂ ਨੇ ਕਿਹਾ ਕਿ ਕੇਸ ਵਿੱਚ ਜਾਂਚ ਅਜੇ ਚੱਲ ਰਹੀ ਹੈ ਅਤੇ ਉਹ ਬਹੁਤ ਜਲਦ ਇੱਕ ਰਿਪੋਰਟ ਦਾਇਰ ਕਰਨਗੇ। ਭਾਰਤੇਂਦੂ ਨੇ ਕਿਹਾ, ਇਸ ਮਾਮਲੇ ਵਿੱਚ ਜਾਂਚ ਆਖਰੀ ਪੜਾਅ ਵਿੱਚ ਹੈ ਅਤੇ ਏਜੰਸੀ ਜਲਦੀ ਹੀ ਰਿਪੋਰਟ ਲੈ ਆਏਗੀ। ਜਾਂਚ ਅਧਿਕਾਰੀ ਨੂੰ ਇੱਕ ਹਫਤੇ ਦਾ ਹੋਰ ਸਮਾਂ ਚਾਹੀਦਾ ਹੈ। ਕੋਰਟ ਨੇ ਇਸ ਮਾਮਲੇ ਵਿੱਚ ਅਗਲੀ ਸੁਣਵਾਈ 26 ਅਗਸਤ ਤੈਅ ਕੀਤੀ ਹੈ।

## ਐਟਮੀ ਹਥਿਆਰਾਂ ਦੀ ਵਰਤੋਂ ਦਾ ਫੈਸਲਾ ਹਾਲਾਤ ਉੱਤੇ ਨਿਰਭਰ: ਰਾਜਨਾਥ

ਜੈਪੁਰ, 17 ਅਗਸਤ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਭਾਰਤ ਐਟਮੀ ਹਥਿਆਰਾਂ ਦੀ ਵਰਤੋਂ ਲਈ ਪਹਿਲ ਨਾ ਕਰਨ ਦੇ ਆਪਣੇ ਸਿਧਾਂਤ ਉੱਤੇ ਪੂਰੀ ਤਰ੍ਹਾਂ ਕਾਇਮ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕੀ ਹੁੰਦਾ ਹੈ, ਇਹ ਸਥਿਤੀਆਂ ਉੱਤੇ ਨਿਰਭਰ ਕਰਦਾ ਹੈ।

ਰੱਖਿਆ ਮੰਤਰੀ ਨੇ ਟਵਿੱਟਰ ਉੱਤੇ ਇਹ ਟਿੱਪਣੀ ਪੋਖਰਣ ਦਾ ਦੌਰਾ ਕਰਨ ਤੋਂ ਬਾਅਦ ਕੀਤੀ ਹੈ, ਜਿਥੇ 1998 ਵਿੱਚ ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਐਟਮੀ ਪ੍ਰੀਖਣ ਕੀਤੇ ਸਨ। ਰਾਜਨਾਥ ਨੇ ਕਿਹਾ ਕਿ ਪੋਖਰਣ ਉਹ ਇਲਾਕਾ ਹੈ, ਜੋ ਅਟਲ ਜੀ ਦੇ ਭਾਰਤ ਨੂੰ ਐਟਮੀ ਸ਼ਕਤੀ ਬਣਾਉਣ ਦੇ ਇਰਾਦੇ ਦੀ ਗਵਾਹੀ ਦੇਂਦਾ ਹੈ, ਪਰ ਇਸ ਨਾਲ 'ਪਹਿਲ ਨਾ ਕਰਨ' ਦਾ ਵਾਅਦਾ ਵੀ ਜੁੜਿਆ ਹੋਇਆ ਹੈ।

# ਐਸ ਵਾਈ ਐਲ ਮੁੱਦੇ ਉੱਤੇ ਪੰਜਾਬ ਤੇ ਹਰਿਆਣਾ ਦੇ ਅਫਸਰਾਂ ਦੀ ਬੈਠਕ ਬੇਨਤੀਜਾ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਸਤਲੁਜ ਯਮੁਨਾ ਲਿੰਕ (ਐਸ ਵਾਈ ਐਲ) ਨਹਿਰ ਬਣਾਉਣ ਦੇ ਵਿਵਾਦ ਦਾ ਹੱਲ ਕੱਢਣ ਲਈ ਕੱਲ੍ਹ ਹਰਿਆਣਾ ਤੇ ਪੰਜਾਬ ਦੇ ਮੁੱਖ ਸਕੱਤਰਾਂ ਦੀ ਨਵੀਂ ਦਿੱਲੀ ਦੇ ਸ਼੍ਰਮ ਸ਼ਕਤੀ ਭਵਨ ਵਿੱਚ ਜਲ ਸ਼ਕਤੀ ਮੰਤਰਾਲੇ 'ਚ ਅਹਿਮ ਬੈਠਕ ਹੋਈ, ਜਿਸ ਬਾਰੇ ਦੋਵਾਂ ਮੁੱਖ ਸਕੱਤਰਾਂ ਨੇ ਕੋਈ ਜਾਣਕਾਰੀ ਦੇਣ ਤੋਂ ਪਰਹੇਜ਼ ਕੀਤਾ, ਪਰ ਇਹ ਬੈਠਕ ਐਸ ਵਾਈ ਐਲ ਨਹਿਰ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਹੁਕਮ ਤਹਿਤ ਹੋਈ ਹੈ।

ਜਾਣਕਾਰ ਸੂਤਰਾਂ ਮੁਤਾਬਕ ਇਸ ਬੈਠਕ ਵਿੱਚ ਦੋਵਾਂ ਮੁੱਖ ਸਕੱਤਰਾਂ ਵਿਚਕਾਰ ਕੋਈ ਸਹਿਮਤੀ ਨਹੀਂ ਬਣ ਸਕੀ। ਮੁੱਖ ਸਕੱਤਰਾਂ ਦੀ ਇਸ ਬੈਠਕ 'ਚ ਕੇਂਦਰ ਸਰਕਾਰ ਵੱਲੋਂ ਕਿਸੇ ਮੰਤਰੀ ਨੇ ਹਿੱਸਾ ਨਹੀਂ ਲਿਆ। ਬੈਠਕ ਨੂੰ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿ 10 ਜੁਲਾਈ ਨੂੰ ਸੁਪਰੀਮ ਕੋਰਟ ਨੇ ਇਸ ਵਿਵਾਦ ਦੀ ਸੁਣਵਾਈ ਵੇਲੇ ਇਹ ਚਿਤਾਵਨੀ ਦਿੱਤੀ ਸੀ ਕਿ ਕੇਂਦਰ ਸਮੇਤ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਮਿਲ ਕੇ ਇਸ ਦਾ ਹੱਲ ਕੱਢਣ, ਨਹੀਂ ਤਾਂ ਅਦਾਲਤ ਕੋਈ ਫੈਸਲਾ ਲਵੇਗੀ। ਇਸ ਕੇਸ ਦੀ ਸੁਣਵਾਈ ਤਿੰਨ ਸਤੰਬਰ ਨੂੰ ਹੋਣ ਤੋਂ ਪਹਿਲਾਂ ਹਰਿਆਣਾ ਦੀ ਮੁੱਖ ਸਕੱਤਰ ਕੇਸ਼ਨੀ ਆਨੰਦ ਅਰੋੜਾ ਅਤੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਬੈਠਕ ਕਰਕੇ ਸਹਿਮਤੀ ਬਣਾਉਣ ਦਾ ਯਤਨ ਕੀਤਾ, ਪਰ ਕੋਈ ਹੱਲ ਨਹੀਂ ਨਿਕਲਿਆ। ਸੂਤਰਾਂ ਮੁਤਾਬਕ ਹਰਿਆਣਾ ਦੀ ਮੁੱਖ ਸਕੱਤਰ ਨੇ ਇਸ ਮਾਮਲੇ ਨੂੰ ਫਿਲਹਾਲ ਵਿਧਾਨ ਸਭਾ ਚੋਣਾਂ ਤੱਕ ਪੈਂਡਿੰਗ ਰੱਖਣ ਦੀ ਸਲਾਹ ਦਿੱਤੀ ਹੈ। ਵਰਨਣ ਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਗੈਰ ਭਾਜਪਾਈ ਪਾਰਟੀਆਂ ਐਸ ਵਾਈ ਐਲ ਨਹਿਰ ਨਿਰਮਾਣ 'ਚ ਦੇਰੀ ਨੂੰ ਸਿਆਸੀ ਮੁੱਦਾ ਵੀ ਬਣਾਉਣਗੇ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਜੰਮੂ-ਕਸ਼ਮੀਰ ਕਾਂਗਰਸ ਨੂੰ ਪ੍ਰੈਸ ਕਾਨਫਰੰਸ ਕਰਨ ਤੋਂ ਰੋਕਿਆ, ਸੀਨੀਅਰ ਆਗੂ ਗ੍ਰਿਫਤਾਰ



ਜੰਮੂ, 18 ਅਗਸਤ, (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਕਾਂਗਰਸ ਨੂੰ ਪ੍ਰੈੱਸ ਕਾਨਫਰੰਸ ਕਰਨ ਤੋਂ ਰੋਕ ਦਿਤਾ ਗਿਆ ਤੇ ਪੁਲਿਸ ਨੇ ਇਸ ਪਾਰਟੀ ਦੇ ਮੁੱਖ ਬੁਲਾਰੇ ਅਤੇ ਸਾਬਕਾ ਐਮ ਐਲ ਸੀ ਰਵਿੰਦਰ ਸ਼ਰਮਾ ਨੂੰ ਪਾਰਟੀ ਦਫ਼ਤਰ ਤੋਂ ਹਿਰਾਸਤ ਵਿਚ ਲੈ ਲਿਆ ਹੈ। ਸ਼ਹੀਦੀ ਚੌਕ ਵਿਚਲੇ ਪਾਰਟੀ ਦੇ ਮੁੱਖ ਦਫ਼ਤਰ ਵਿਚ ਜਦੋਂ ਰਵਿੰਦਰ ਸ਼ਰਮਾ ਪ੍ਰੈੱਸ ਕਾਨਫਰੰਸ ਕਰਨ ਵਾਲੇ ਸਨ ਤਾਂ ਪੁਲਿਸ ਉਥੇ ਆਈ ਤੇ ਉਨ੍ਹਾਂ ਨੂੰ ਨਾਲ ਚੱਲਣ ਨੂੰ ਕਿਹਾ, ਕਿਉਂਕਿ ਸੀਨੀਅਰ ਅਫਸਰ ਉਨ੍ਹਾਂ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ। ਸ਼ਰਮਾ ਨੇ ਇਸ ਦਾ ਵਿਰੋਧ ਕੀਤਾ ਤੇ ਕਿਹਾ ਕਿ ਉਹ ਪ੍ਰੈੱਸ ਕਾਨਫਰੰਸ ਕਰਨ ਵਾਲੇ ਹਨ, ਪਰ ਉਨ੍ਹਾਂ ਨੂੰ ਜਬਰੀ ਹਿਰਾਸਤ ਵਿਚ ਲੈ ਕੇ ਪੁਲਿਸ ਸਟੇਸ਼ਨ ਲਿਜਾਇਆ ਗਿਆ।

ਇਸ ਸੰਬੰਧ ਵਿੱਚ ਇੱਕ ਹੋਰ ਸੀਨੀਅਰ ਆਗੂ ਸੁਰੇਸ਼ ਕੁਮਾਰ ਡੋਗਰਾ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਕਿਹਾ ਕਿ 'ਪ੍ਰਸ਼ਾਸਨ ਦੀ ਕਾਰਵਾਈ ਗ਼ੈਰ-ਜਮਹੂਰੀ ਹੈ। ਅਸੀਂ ਲੋਕਾਂ ਦੇ ਖੋਹੇ ਹੋਏ ਅਧਿਕਾਰ ਦੱਸਣ ਲਈ ਅਤੇ ਪਾਰਟੀ ਆਗੂਆਂ ਦੀ ਗ੍ਰਿਫ਼ਤਾਰੀ ਤੇ ਨਜ਼ਰਬੰਦੀ ਬਾਰੇ ਗੱਲ ਕਰਨ ਲਈ ਪ੍ਰੈੱਸ ਕਾਨਫਰੰਸ ਕਰਨੀ ਸੀ।' ਉਨ੍ਹਾਂ ਨੇ ਸ਼ਰਮਾ ਨੂੰ ਹਿਰਾਸਤ ਵਿਚ ਲਏ ਜਾਣ ਦੀ ਕਾਰਵਾਈ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਕਿਹਾ। ਡੋਗਰਾ ਨੇ ਕਿਹਾ, 'ਇਹ ਪੂਰੀ ਤਰ੍ਹਾਂ ਤਾਨਾਸ਼ਾਹੀ ਹੈ ਤੇ ਜਮਹੂਰੀ ਢੰਗ ਨਾਲ ਅਪਣੀ ਗੱਲ ਰੱਖਣ ਦੇ ਸਾਡੇ ਅਧਿਕਾਰ ਦੀ ਉਲੰਘਣਾ ਹੈ। ਅਸੀਂ ਧਾਰਾ 370 ਬਾਰੇ ਸਰਕਾਰ ਦੇ ਫ਼ੈਸਲੇ ਵਿਰੁਧ ਬਗਾਵਤ ਨਹੀਂ ਕਰ ਲੱਗੇ।'

ਦੂਸਰੇ ਪਾਸੇ ਪੁਲਿਸ ਅਧਿਕਾਰੀ ਨੇ ਕਿਹਾ ਕਿ ਕਾਨੂੰਨ-ਵਿਵਸਥਾ ਕਾਇਮ ਰੱਖਣ ਲਈ ਸ਼ਰਮਾ ਨੂੰ ਚੌਕਸੀ ਵਜੋਂ ਹਿਰਾਸਤ ਵਿਚ ਲਿਆ ਹੈ। ਅਧਿਕਾਰੀ ਨੇ ਆਪਣਾ ਨਾਮ ਨਾ ਲਿਖਣ ਦੀ ਸ਼ਰਤ ਉੱਤੇ ਕਿਹਾ, 'ਇਹ ਡਰ ਸੀ ਕਿ ਉਨ੍ਹਾਂ ਦਾ ਭਾਸ਼ਨ ਲੋਕਾਂ ਨੂੰ ਉਕਸਾ ਸਕਦਾ ਹੈ ਅਤੇ ਕਾਨੂੰਨ ਵਿਵਸਥਾ ਦੀ ਸਮੱਸਿਆ ਪੈਦਾ ਹੋ ਸਕਦੀ ਹੈ।'





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ।
ਸੰਪਰਕ ਕਰੋ: 416-358-9294 । 204-510-1523

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟ੍ਰਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿਲੋਂ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5'-7'', Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

STARLANE PAINTING
Residential ▪ Commercial ▪ Industrial
- Hotel - Motel - Exterior
- Interior - Spray Painting
- Office Painting - Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਰਹਿਰਾਸ ਸਾਹਿਬ ਦਾ ਵਾਰਤਕ ਰੂਪ



ਅਜੀਤ ਸਿੰਘ ਰੱਖੜਾ
905 794 7882


ਰਹਿਰਾਸ ਜਾਂ ਰਹਰਾਸ ਇਕ ਐਸਾ ਨਿਤਨੇਮ-ਪਾਠ ਹੈ, ਜੋ ਸਿੱਖ ਸ਼ਰਧਾਲੂ ਸ਼ਾਮ ਨੂੰ ਪੜ੍ਹਦੇ ਸੁਣਦੇ ਹਨ। ਸਮੇ ਨਾਲ ਜੋੜਕੇ ਨਿਤਨੇਮਾਂ ਦੀ ਪ੍ਰੰਪਰਾ ਕਦ ਤੋਂ ਸ਼ੁਰੂ ਹੋਈ ਇਸ ਬਾਰੇ ਕਿਤੇ ਵਿਸ਼ੇਸ਼ ਚਰਚਾ ਨਹੀਂ ਮਿਲਦੀ। 10 ਗੁਰੂਆਂ ਵਿਚੋਂ ਕਿਸੇ ਵੀ ਗੁਰੂ ਵਲੋਂ ਕੋਈ ਹੁਕਮਨਾਮਾ ਇਸ ਬਾਰੇ ਨਹੀਂ ਪੜ੍ਹਿਆ ਸੁਣਿਆ ਗਿਆ। 1925 ਵਿਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਬਾਅਦ ਸਿੱਖੀ ਉਪਰ ਬੜੇ ਤਜ਼ਰੁਬੇ ਕੀਤੇ ਗਏਸਨ। ਬੜਾ ਕੁਝ ਐਸਾ ਕਰਨ ਲਈ ਸੋਚਿਆ ਗਿਆ ਸੀ ਕਿ ਸਿਖੀ ਸਭ ਸਿੱਖਾ ਉਪਰ ਇਕੋ ਤਰੀਕੇ ਨਾਲ ਲਾਗੂ ਹੋਵੇ, ਤਾਂ ਜੋ ਸਭ ਸ਼ਰਧਾਲੂ ਇਕੋ ਤਰ੍ਹਾ ਸੋਚਣ ਅਤੇ ਕਰਨ। ਪਰ ਇਸ ਤਰਹਾ ਹੋ ਨਹੀਂ ਸੀ ਸਕਿਆ। ਰਹਿਤ ਮ੍ਰਯਾਦਾਵਾਂ ਬਣੀਆ ਪਰ ਸਭ ਨੇ ਉਨ੍ਹਾ ਨੂੰ ਬਣਦਾ ਸਤਿਕਾਰ ਨਹੀਂ ਦਿਤਾ। ਇਸੇ ਕਾਰਣ ਰਹਿਰਾਸ ਸਾਹਿਬ ਦੇ ਪਾਠ ਵੀ ਇਕ ਤਰਹਾਂ ਦੇ ਨਹੀ ਹਨ। ਸ਼੍ਰੋਮਣੀ ਸਿੱਖ ਸੰਸਥਾ ਕੁਝ ਕਹਿੰਦੀ ਹੈ ਅਤੇ ਡੇਰੇਦਾਰ ਸੰਤ ਸਮਾਜ ਵਾਲੇ ਕੁਝ ਵੱਖ ਆਖਦੇ ਹਨ। ਵੇਖਿਆ ਜਾਵੇ ਤਾਂ ਸਾਰੀਆ ਬਾਣੀਆ ਹੀ ਪ੍ਰਮਾਤਮਾ ਨੂੰ ਯਾਦ ਕਰਨ ਹਿਤ ਰਚੀਆ ਗਈਆ ਸਨ। ਪ੍ਰਮਾਤਮਾ ਦੀ ਉਸਤਤ ਕਰਨ ਨੂੰ ਕਿਸੇ ਵਿਸ਼ੇਸ਼ ਸਮੇ ਨਾਲ ਜੋੜਨਾ,ਮਕਸਦ ਸਮਝਣ ਵਾਸਤੇ ਥੋਹੜਾ ਔਖਾ ਜਿਹਾ ਲਗਦਾ ਹੈ। ਹਾਂ ਜਿਨ੍ਹਾ ਰਾਗਾਂ ਵਿਚ ਬਾਣੀ ਰਚੀ ਗਈ ਸੀ ਉਨ੍ਹਾ ਰਾਗਾ ਦਾ ਗਾਇਨ ਕਰਨ ਦਾ ਜਰੂਰ ਸਮਾ ਮੰਨਿਆ ਅਤੇ ਮਿਥਿਆ ਜਾਂਦਾ ਹੈ। ਉਸ ਹਿਸਾਬ ਨਾਲ ਨਿਤਨੇਮ ਦੀਆ ਬਾਣੀਆ ਨੂੰ ਜੋੜਿਆ ਗਿਆ ਹੋਵੇ ਤਾ ਗਲ, ਕੁਝ ਜਚਦੀ ਹੈ। ਪਰਬਹੁਤੇ ਵਿਦਵਾਨ ਇਸ ਨਾਲ ਸਹਿਮਤ ਨਹੀਂ ਹਨ। ਭਗਤ ਜਨ ਕਦੇ ਨਿਤਨੇਮ ਦਿਤੇ ਰਾਗਾਂ ਵਿਚਤਾਂਗਾਇਨ ਕਰਦੇ ਨਹੀਂ। ਲਗਦਾ ਇਵੇਂ ਹੈ ਕਿ ਡੇਰੇਦਾਰ ਮਹਾਂਪੁਰਖਾ ਨੇ ਬਾਣੀ ਦੇ ਮਿਥੇ ਆਸ਼ਿਆਂ ਨੂੰ ਸਮਝਕੇਸਮਾ ਬੰਨਣ ਦੀ ਪਿਰਤ ਪਾਈ ਹੋਵੇਗੀ। ਫਲਸਰੂਪ ਸਵੇਰ, ਸ਼ਾਮ ਅਤੇ ਰਾਤ ਨੂੰ ਪੜ੍ਹਨ ਵਾਲੀਆ ਬਾਣੀਆ ਮਿਥੀਆਂ ਗਈਆ। ਵਿਆਹ ਸ਼ਾਦੀਆਂ, ਜਨਮ ਦਿਨਾ ਅਤੇ ਖੁਸ਼ੀਆ ਦੇ ਸਮਿਆ ਵਾਸਤੇ ਪੜ੍ਹਨ ਵਾਲੇ ਸ਼ਬਦ ਵਖ ਵਖ ਨਿਸਚਤ ਹੋਏ। ਮਰਗ ਦੇ ਸਿਲਸਿਲੇ ਕੀਤੇ ਜਾਂਦੇ ਪ੍ਰੋਗਰਾਮਾ ਉਪਰ ਵਖ ਕਿਸਮ ਦੇ ਸ਼ਬਦ ਪੜ੍ਹਨ ਦੇ ਰਿਵਾਜ ਚਲੇ।

ਰਹਿਰਾਸ ਦਾ ਮਤਲਬ ਹੈ ਬੇਨਤੀ ਜਾਂ ਅਰਜੋਈ। ਸੁਖਮਨੀ ਸਾਹਿਬ, ਜਪੁਜੀ ਸਾਹਿਬ ਜਾਂ ਜਾਪ ਸਾਹਿਬਦੀਆਂ ਬਾਣੀਆ ਪਰਮਾਤਮਾ ਦੀ ਉਸਤਤ ਹਿਤ ਜਾਂ ਪਰਮਾਤਮਾ ਨੂੰ ਪਹਿਚਾਨਣ ਖਾਤਰ ਰਚੀਆ ਗਈਆ ਸਨ। ਤਿੰਨਾ ਵਿਚੋਂ ਹਰ ਇਕ ਬਾਣੀ ਇਕ ਗੁਰੂ ਨਾਲ ਤੁਅਲਕ ਰਖਦੀ ਹੈ। ਜਪੁਜੀ, ਗੁਰੂ ਨਾਨਕ ਜੀ ਨਾਲ, ਸੁਖਮਨੀ ਗੁਰੂ ਅਰਜਨ ਦੇਵ ਜੀ ਅਤੇ ਜਾਪ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ। ਪਰ ਰਹਿਰਾਸ ਸਾਹਿਬ ਇਕ ਨਹੀਂ ਸਗੋਂ 5 ਗੁਰੁਆ ਦੀਆਂ ਬਾਣੀਆਂ ਦਾ ਸੰਗ੍ਰਿਹ ਹੈ।ਮੁਦਾਸਭਨਾ ਦਾ ਪ੍ਰਮਾਤਮਾ ਨਾਲ ਬਾਤਚੀਤ ਕਰਨ ਦਾ ਹੈ। ਉਸਨੂੰ ਸਾਹਮਣੇ ਬੈਠਾ ਚਿਤਵਕੇ ਉਸ ਨਾਲ ਗਫਤਗੂ ਕਰਨ ਦਾ ਹੈ। ਤੇਰਾ, ਤੂੰ ਜਾਂ ਤੁਮਾਰੇ ਕੁਝ ਐਸੇ ਮੁਖਾਤਬੀ ਸ਼ਬਦ ਹਨ ਜੋ ਸਾਹਮਣੇ ਬੈਠੇ ਸੰਗਿਅਕ ਬੰਦੇ ਲਈ ਵਰਤੀਦੇ ਹਨ।ਰਹੱਸ ਦੀ ਗਲ ਇਹ ਕਿ ਰਹਿਰਾਸ ਸਾਹਿਬ ਜਿਸ ਤਰਤੀਬ ਨਾਲ ਗੁਟਕਿਆ ਵਿਚ ਮਿਲਦਾ ਹੈ, ਉਸ ਤਰਤੀਬ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਅੰਕਤ ਨਹੀਂ ਹੈ। ਸਗੋਂਗੁਰੂ ਗ੍ਰੰਥ ਸਾਹਿਬ ਵਿਚ 'ਰਹਿਰਾਸ' ਦੇ ਸੁਲੇਖ ਨਾਲ ਕੋਈ ਬਾਣੀ ਲਿਖੀ ਹੀ ਨਹੀਂ ਗਈ ਹੈ। ਇਸਦੀ ਸ਼ੁਰੂਆਤ 'ਸੋਦਰ' ਨਾਲ ਹੁੰਦੀ ਹੈ ਜੋ ਬਾਬਾ ਨਾਨਕ ਦੀ ਬਾਣੀ ਹੈ। ਉਸਤੋਂ ਬਾਅਦ ਗੁਰੂ ਰਾਮਦਾਸ ਜੀ ਦੀ ਬਾਣੀ ਰਾਗ ਗੁਜਰੀ (ਰਾਜਗੁਜਰੀ ਮਹੱਲਾ 4) ਵਿਚ ਹੈ। ਇਸੇ ਤਰ੍ਹਾ ਰਾਮਕਲੀ ਤੀਸਰੇ ਗੁਰੂ ਅਮਰਦਾਸ ਜੀ ਵਲੋਂ।ਰਾਗ ਗੁਜਰੀ ਮਹੱਲਾ 5 ਗੁਰੂ ਅਰਜਨ ਦੇਵ ਅਤੇ ਚੌਪਈ ਗੁਰੂ ਗੋਬਿੰਦ ਸਾਹਿਬ ਜੀ ਵਲੋਂ ਹੈ। ਸਭ ਧਰਮਾ ਵਾਲੇ ਸਉਣ ਤੋਂ ਪਹਿਲਾਂ ਪਰਮਾਤਮਾ ਨੂੰ ਯਾਦ ਕਰਨ ਲਈ ਕਹਿੰਦੇ ਹਨ। ਚੰਗਾ ਦਿਨ ਬੀਤੇ ਦਾ ਸ਼ੁਕਰਾਨਾ ਕੀਤਾ ਜਾਵੇ ਅਤੇ ਰਾਤ ਦੀ ਨੀਦਰ ਵਧੀਆ ਲੈਣ ਵਾਸਤੇ ਅਸੀਂ ਦਿਨ ਦੀਆਂ ਗਤੀ ਵਿਧੀਆ ਵਲੋਂ ਆਪਣੇ ਆਪ ਨੂੰ ਤੋੜਨਾ ਜਾਂ ਨਖੇੜਨਾ ਭਾਲਦੇ ਹਾਂ। ਬਾਡੀ ਨੂੰ ਸਵਿਚ ਆਫ ਕਰਨਾ ਚਹੁੰਦੇ ਹਾਂ। ਇਸਖਾਤਰਸਭ ਤੋਂ ਵਧੀਆ ਤਰੀਕਾ ਆਪਣੇ ਇਸ਼ਟ ਨਾਲ ਗੁਫਤਗੂ ਕਰਨਾ ਮੰਨਿਆ ਗਿਆ ਹੈ, ਯਾਨੀ ਅਰਦਾਸ ਜਾ ਅਰਜੋਈ ਕਰਨਾ ਹੈ। ਰਹਿਰਾਸ ਦੇ ਸਾਰੇ ਸ਼ਬਦ ਗੁਫਤਗੂ ਵਾਂਗ ਹਨ ਜਿਸ ਕਾਰਣ ਮਹਾਪੁਰਖਾ ਨੇ ਰਹਿਰਾਸ ਦੇ ਪਾਠ ਨੂੰ ਸ਼ਾਮ ਨਾਲ ਜੋੜਿਆ ਹੋਵੇਗਾ।

ਗੁਰਬਾਣੀਆਂਦੀ ਰਚਨਾ ਕਵਿਤਾ ਬੰਦਸ਼ ਵਿਚ ਹੈ। ਕਵਿਤਾ ਵਿਚ ਕਹੀ ਜਾਂਦੀ ਬਾਤਚੀਤ ਵਾਰਤਿਕ ਦੀ ਤਰ੍ਹਾ ਲੜੀ ਵੱਧ ਨਹੀ ਹੁੰਦੀ, ਜਿਸ ਕਾਰਣ ਸ਼ਰਧਾਲੂ ਜਦ ਪਾਠ ਕਰ ਰਹੇ ਹੁੰਦੇ ਹਨ ਤਾਂਮਨ ਤਖਤੀ ਉਪਰ ਕੋਈ ਬਿੰਬ ਪ੍ਰਗਟ ਨਹੀਂ ਹੋ ਰਹੇ ਹੁੰਦੇ ਜਿਵੇਂ ਦੇ ਅਸੀਂ ਕਿਸੇ ਦੀ ਗਲ ਸੁਣਦੇ ਜਾਂ ਕਰਦੇ ਸਮੇ ਮਹਿਸੂਸ ਕਰਿਆ ਕਰਦੇ ਹਾਂ। ਕਾਰਣ ਕੇਵਲ ਇਹ ਹੁੰਦਾ ਹੈ ਕਿ ਸਾਨੂੰ ਬਾਣੀ ਦਾ ਸੰਦੇਸ਼ ਸਮਝ ਵਿਚ ਪੂਰੀ ਤਰ੍ਹਾਂ ਪੈ ਨਹੀਂ ਰਿਹਾ ਹੁੰਦਾ। ਇਕ ਲੈਅ ਨਾਲ ਇਕ ਵਿਸ਼ੇਸ਼ ਰਵਾਨਗੀ ਨਾਲ ਸਾਰਾ ਪਾਠ ਕਰ ਜਾਂਦੇ ਹਾਂ। ਕਦੇ ਕਿਸੇ ਘਟਨਾ ਕਾਰਣ ਜਾਂ ਖੜਕੇ ਕਾਰਣ ਪਾਠ ਦੀ ਲੜੀ ਟੁਟ ਜਾਵੇ ਤਾਂ ਬੜੀ ਕਠਨਾਈ ਹੁੰਦੀ ਹੈ, ਇਹ ਯਾਦ ਕਰਨ ਲਈ ਕਿ ਪਾਠ ਕਿਥੋਂ ਖੰਡਤ ਹੋਇਆ ਸੀ। ਅਣਦਾਜ਼ੇ ਨਾਲ ਕਿਸੇ ਵੀ ਕੀਤੇ ਜਾ ਚੁਕੇ ਸ਼ਬਦ ਤੋਂ, ਪਹਾੜੇ ਵਾਂਗ ਦੁਬਾਰਾ ਸ਼ੁਰੂ ਕਰਨਾ ਪੈਂਦਾ ਹੈ। ਹਾਂਕੀਤੇ ਨਿਤਨੇਮ ਦਾ ਫਲ ਇਹ ਹੁੰਦਾ ਹੈ ਕਿ ਮਨ ਵਿਚ ਇਕ ਠੰਡਾ ਜਿਹਾ ਸਕੂਨ ਪੈਦਾ ਹੋ ਜਾਦਾ ਹੈ ਕਿ ਅਸੀਂ ਕੁਝ ਚੰਗੇ ਪਾਸੇ ਸਮਾ ਲਗਾਇਆ ਹੈ। ਇਹ ਸਕੂਨ ਉਹੋ ਜਿਹਾ ਹੁੰਦਾ ਹੈ ਜਿਵੇਂ ਦਾ ਅਸੀਂ ਕਿਸੇ ਦੀ ਮਦਤ ਜਾਂ ਦਾਨਪੁਨ ਕਰਕੇ ਜਾਂ ਫਿਰ ਚੰਗੀ ਸਲਾਹ ਦੇਕੇ ਮਹਿਸੂਸ ਕਰਿਆ ਕਰਦੇ ਹਾਂ।

ਰਹਿਰਾਸ ਦੇ ਪਾਠ ਵਿਚ, ਪੰਜੋ ਗੁਰੂਆਂ ਦਾ ਪਰਮਾਤਮਾ ਨਾਲ ਬਾਤਚੀਤ ਕਰਨ ਦਾ ਤਰੀਕਾ ਵਖੋ ਵਖ ਹੈ। ਗੁਰੂ ਨਾਨਕ ਜੀ ਰੱਬ ਦੇ ਰੰਗਾ ਵਿਚ ਰਹਿਣ ਵਾਲੇ, ਆਖਦੇ ਹਨ। ਹੇ ਪਰਮਾਤਮਾ ਤੇਰੀ ਲੀਲਾ ਨਿਆਰੀ ਹੈ। ਬੰਦੇ ਲਈ ਬਿਪਤਾ ਅਤੇ ਉਸਤੋਂ ਉਪਜਿਆ ਦੁਖ, ਕਈ ਵਾਰੀ ਦਾਰੂ ਬਣ ਜਾਂਦਾ ਹੈ। ਕਈ ਵਾਰੀ ਬੰਦੇ ਨੂੰ ਮਿਲੇ ਸੁਖ, ਰੋਗ ਬਣ ਜਾਂਦੇ ਹਨ। ਪਰ ਜੇਕਰ ਆਤਮਿਕ ਸੁਖ ਮਿਲ ਜਾਵੇ ਫਿਰ ਸਭ ਕੁਝ ਬਰਾਬਰ ਲਗਦਾ ਹੈ। ਇਸ ਅਜੀਬੋ ਗਰੀਬ ਸਿਸਟਮ ਦੇ ਭੇਤ ਨੂੰ ਤੂੰ ਹੀ ਜਾਣਦਾ ਹੈ। ਜੇ ਮੈਂ ਕਹਾ ਕਿ ਮੈਨੂੰ ਇਹ ਕੁਝ ਪਤਾ ਲਗ ਗਿਆ ਹੈ ਤਾਂ ਇਹ ਗਲ ਜਚਦੀ ਨਹੀਂ। ਹੇ ਪਰਵਰਦਗਾਰ ਤੂੰ ਸਾਰੀ ਕੁਦਰਤ ਵਿਚ ਵਸਿਆ ਪਿਆ ਹੈ। ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਨੂਰ ਹੈ ਅਤੇ ਸਭ ਜੀਵਾਂ ਵਿਚ ਤੇਰੀ ਹੀ ਰੌਸ਼ਨੀ ਪਰਚੰਡ ਹੈ। ਫਿਰ ਆਖਦੇ ਹਨ ਹੇ ਪ੍ਰਭੂ, ਤੇਰਾ ਦਰ ਅਤੇ ਘਰ ਕਿਨਾ ਵਡਾ ਹੋਵੇਗਾ ਜਿਥੇ ਬੈਠਕੇ ਤੂੰ ਸਭ ਨੂੰ ਪਾਲਪੋਸ ਰਿਹਾ ਹੈਂ ਅਤੇ ਵੇਖ ਰਿਹਾ ਹੈਂ।ਸਭ ਜੀਵ ਆਪਣੀ ਆਵਾਜ਼ ਵਿਚ ਤੇਰਾ ਹੀ ਗਾਇਨ ਕਰਦੇ ਮੈਨੂੰ ਭਾਸਦੇ ਹਨ। ਐਥੋ ਤਕ ਕਿ ਸਾਰੇ ਤੱਤ ਅਗਨੀ ਪਾਣੀ ਅਤੇ ਹਵਾ ਵੀ ਤੇਰਾ ਅਲਾਪ ਕਰਦੇ ਮਹਿਸੂਸ ਹੁੰਦੇ ਹਨ। ਇਸੇ ਹੀ ਤਰ੍ਹਾ ਸੰਸਾਰ ਦੇ ਹੋਰ ਬਹੁਤ ਸਾਰੇ ਦੇਵੀ ਦੇਵਤਿਆ, ਹੀਰੇ ਜਵਾਹਰਾਤ ਅਤੇ ਦਿਖਣ ਵਾਲੀਆਂ ਸਰਬਤਰ ਵਸਤੂਆਂ ਦਾ ਜ਼ਿਕਰ ਕਰਦੇ ਹਨ ਕਿ ਇਹ ਸਭ ਤੇਰੀ ਹੀ ਵਡਿਆਈ ਕਰ ਰਹੇ ਹਨ ਅਤੇ ਗਾ ਰਹੇ ਹਨ।ਪਰਮਾਤਮਾ ਦੇ ਅਥਾਹ ਆਕਾਰ ਦੀ ਸਿਫਤ ਕਰਦਿਆ ਆਖਦੇ ਹਨ ਕਿ ਸਭ ਕਹੀ ਜਾਂਦੇ ਹਨ ਕਿ ਤੂੰ ਬਹੁਤ ਵਡਾ ਹੈ ਪਰ ਇਸਦਾ ਅਨੁਮਾਨ ਤਾਂ ਤੇਰੇ ਦਰਸ਼ਣ ਕਰਨ ਨਾਲ ਹੀ ਪਤਾ ਲਗ ਸਕਦਾ ਹੈ। ਕੇਵਲ ਇਹੀ ਕਿਹਾ ਜਾ ਸਕਦਾ ਹੈ ਕਿ ਤੂੰ ਬੇਅੰਤ ਹੈ ਅਤੇ ਤੇਰੇ ਆਰਪਾਰਦਾ ਪਤਾ ਨਹੀ ਲਗ ਸਕਦਾ। ਗੁਰੂ ਸਾਹਿਬ ਆਪਣੀ ਮਾਨਸਿਕ ਦਸ਼ਾ ਦਾ ਬਿਆਨ ਕਰਦੇ ਹਨ। ਕਹਿੰਦੇ ਹਨ ਕਿ ਜਿਵੇਂ ਜਿਵੇਂ ਤੇਰੇ ਸਰੂਪ ਦੇ ਦਰਸ਼ਣ ਹੁੰਦੇ ਹਨ, ਉਵੇਂ ਉਵੇਂ ਮੇਰੇ ਅੰਦਰ ਆਤਮਕ ਸੁਖ ਪੈਦਾ ਹੁੰਦਾ ਜਾਂਦਾ ਹੈ। ਜਦ ਜਦ ਭੁਲਦਾ ਹਾ ਤਾਂ ਬੇਅਰਾਮੀ ਮਹਿਸੂਸ ਹੁੰਦੀ ਹੈ। ਇਸ ਕਰਕੇ ਹਾਏ ਮੇਰੀ ਮਾਏ, ਉਸਦਾ ਆਭਾਸ ਮੇਰੇ ਅੰਦਰੋਂ ਕਦੇ ਨਾਂ ਮੁਕੇ!

ਅਗਲੇ ਸ਼ਬਦ ਵਿਚ ਗੁਰੂ ਰਾਮਦਾਸ ਜੀ ਪ੍ਰਮਾਤਮਾ ਨਾਲ ਨਹੀਂ ਸਗੋਂ ਆਪਣੇ ਗੁਰੂ ਸ਼ਾਇਦ ਗੁਰੂ ਅੰਗਦ ਦੇਵ ਜੀ ਨਾਲ ਜਾਂ ਗੁਰੂ ਨਾਨਕ ਦੇਵ ਜੀ ਨਾਲ ਗੁਫਤੂਗੂ ਕਰਦੇ ਹਨ। ਕਹਿੰਦੇ ਹਨ: ਹੇ ਪਰਮਾਤਮਾ ਦੇ ਭਗਤ ਗੁਰੂ ਜੀ, ਹੇ ਮਹਾਂ ਪੁਰਖੋ ਤੁਹ-ਾਡੇ ਅਗੇ ਬੇਨਤੀ ਹੈ ਕਿ ਮੈਂ ਨਿਮਾਣਾ ਤੁਹਾਡੀ ਸ਼ਰਣ ਵਿਚ ਆਇਆ ਹਾਂ ਅਤੇ ਮੇਰੇ ਉਪਰ ਮਿਹਰ ਕਰੀ ਰਖਿਓ।ਜੋ ਸੁਖ ਮੈਂਨੂੰ ਮਿਲਿਆ ਹੋਇਆ ਹੈ ਇਹ ਬਰਕਰਾਰ ਰਹੇ ਅਤੇ ਮੇਰੀ ਰਾਸ ਪੂੰਜੀ ਬਣਿਆ ਰਹੇ। ਫਿਰ ਨਿਰਨਾ ਕਰਦੇ ਹਨ ਕਿ ਜਿਨ੍ਹਾ ਸੱਜਣਾ ਨੂੰ ਤੇਰੀ ਸੰਗਤ ਵਿਚ ਬੈਠਣਾ ਨਸੀਬ ਨਹੀਂ ਹੁੰਦਾ ਉਹ ਮੰਦ ਭਾਗੇ ਹਨ ਅਤੇ ਜੋ ਤੇਰੀ ਸ਼ਰਣ ਵਿਚ ਆਉਂਦੇ ਹਨ ਸਮਝੋ ਉਨ੍ਹਾ ਦੇ ਲੇਖ ਧੁਰੋਂ ਹੀ ਚੰਗੇ ਲਿਖੇ ਹੋਏ ਹਨ।ਅਗੇ ਗੁਰੂ ਅਰਜਨ ਦੇਵ ਜੀ ਗੁਜਰੀ ਰਾਗ ਵਿਚ ਗਾਇਨ ਕਰਦੇ ਹੋਏ ਆਖਦੇ ਹਨ, ਆਪਣੇ ਮਨ ਨਾਲ ਗਲਾਂ ਕਰਦੇ ਹਨ। ਹੇ ਮਨਾ ਤੂੰ ਕਿਓਂ ਫਿਕਰ ਕਰਦਾ ਰਹਿੰਦਾ ਹੈ। ਪ੍ਰਮਾਤਮਾ ਜਿਸ ਆਹਰ ਵਿਚ ਲਗਿਆ ਹੋਇਆ ਹੈ, ਉਹ ਤੇਰੇ ਸੁਖ ਵਾਸਤੇ ਹੀ ਤਾਂ ਹੈ। ਜਿਹੜਾ ਪਰਮਾਤਮਾ




ਪੱਥਰਾ ਵਿਚ ਰਹਿ ਰਹੇ ਜੀਵਾਂ ਦੇ ਖਾਣ ਪੀਣ ਦਾ ਆਹਰ ਕਰਦਾ ਹੈ, ਉਹ ਤੇਰੇ ਬਾਰੇ ਕਦੇ ਬੇਧਿਆਨਾ ਹੋਵੇਗਾ?ਜਿਸ ਮਨੁਖ ਨੂੰ ਇਹ ਗੁਥੀ ਸਮਝ ਲਗ ਜਾਂਦੀ ਹੈ, ਸਮਝੋ ਉਹ ਸੁਕੀ ਹੋਈ ਲਕੜ ਦੇ ਹਰੇ ਹੋ ਜਾਣ ਵਾਂਗ ਹਰਿਆ ਭਰਿਆ ਹੋ ਜਾਂਦਾ ਹੈ। ਆਪਣੇ ਪਰਵਾਰੀਆ ਬਾਰੇ ਚਿੰਤਾ ਕਰਨੀ ਵੀ ਵਿਅਰਥ ਹੈ। ਸਭ ਦਾ ਖਿਆਲ ਰੱਖਣ ਵਾਲਾ ਉਹੀ ਹੈ।ਮਿਸਾਲ ਦੇਂਦੇ ਹਨ ਕਿ ਕੂੰਜਾਂ ਹਜਾਰਾਂ ਮੀਲਾਂ ਦਾ ਸਫਰ ਕਰਦੀਆ ਹਨ ਅਤੇ ਆਪਣੇ ਅੰਡੇ ਪਿਛਾਂਹ ਛਡ ਆਉਦੀਆ ਹਨ। ਜਦ ਵਾਪਿਸ ਆਉਦੀਆ ਹਨ ਤਾਂ ਬਚੇ ਖਿਲੇ ਪਏ ਹੁੰਦੇ ਹਨ। ਪਰਮਾਤਮਾ ਉਨ੍ਹਾ ਦੀ ਰਾਖੀ ਰੱਖਦਾ ਹੈ ਅਤੇ ਖਾਣਪੀਣ ਦੇਂਦਾ ਹੈ।

ਚੌਪਈ ਵਿਚ ਦਸਮ ਗੁਰੂ ਜੀ ਆਪਣੇ ਲਹਿਜੇ ਵਿਚ ਪਰਮਾਤਮਾ ਨੂੰ ਸੰਬੋਧਨ ਕਰਦੇ ਹਨ। ਉਨ੍ਹਾ ਦਾ ਜੀਵਨ ਸੰਘਰਸ਼ ਮਈ ਸੀ। ਇਸ ਲਈ ਆਪਣੀ ਰਖਸ਼ਾ ਦੀ ਯਾਚਨਾ ਕਰਦੇ ਹਨ। ਹੇ ਪ੍ਰਭੂ ਮੇਰੀ ਰਖਸ਼ਾ ਕਰ। ਮੇਰਾ ਆਰ ਪ੍ਰੀਵਾਰ ਤੇਰੀ ਹੀ ਅਰਾਧਨਾ ਕਰਨ ਵਾਲਾ ਹੈ। ਉਨ੍ਹਾ ਹਿਤ, ਮੇਰੇ ਸਾਰੇ ਦੋਖੀਆ ਅਤੇ ਦੁਸ਼ਮਣਾ ਦਾ ਤੂੰ ਨਾਸ ਕਰਦੇ। ਤੇਰਾ ਦਵਾਰਾ ਛਡਕੇ ਮੈਂ ਹੋਰ ਕਿਤੇ ਨਹੀਂ ਜਾਣਾ। ਤੂੰ ਹੀ ਮੇਰੇ ਦੁਸ਼ਮਣਾ ਨੂੰ ਚੁਣ ਚੁਣਕੇ ਮਾਰਨਾ ਹੈ। ਹੇ ਦਿਆਲੂ ਜੀ ਮੇਰੇ ਅੰਦਰੋਂ ਮਰਨ ਦਾ ਭੈਅ ਦੂਰ ਕਰੋ ਅਤੇ ਆਪਣੀ ਕਿਰਪਾ ਦੁਆਰਾ ਇਸ ਭਵਸਾਗਰ ਵਿਚੋਂ ਤੈਰਕੇ ਨਿਕਲ ਜਾਣ ਦਾ ਬਲ ਮੈਨੂੰ ਬਖਸ਼ੋ ਜੀ। ਹੇਪਰਮਾਤਮਾ ਤੇਰੇ ਹੁਕਮ ਨਾਲ ਹੀ ਬ੍ਰਹਮਾ, ਬਿਸ਼ਨੂੰ ਅਤੇ ਸ਼ਿਵਜੀ ਪੈਦਾ ਹੋਏ ਸਨ। ਤੂੰ ਹੀ ਸਾਰੀ ਸ੍ਰਿਸ਼ਟੀ ਅਤੇ ਇਸ ਉਪਰ ਕੁਲ ਜੀਵ ਰਚਨਾ ਦਾ ਮਾਲਕ ਹੈ। ਤੂੰ ਹੀ ਸਭ ਦੇ ਵੈਰੀਆ ਨੂੰ ਖਤਮ ਕਰਦਾ ਆਇਆ ਹੈ, ਤੇਰੇ ਹੀ ਅਗੇ ਸਾਡੀ ਅਰਦਾਸ ਹੈ ਜੀ।ਇਸੇ ਤਰ੍ਹਾਂ ਦੇ ਹੋਰ ਕਈ ਵਾਕ ਅੰਸ਼ਾ ਰਾਹੀ ਪਰਮਾਤਮਾ ਦੀ ਸਿਫਤ ਕਰਦੇ ਹੋਏ ਆਪਣੀ ਰਖਸ਼ਾ ਦੀ ਅਰਾਧਨਾ ਗੁਰੂ ਜੀਨੇ ਚੌਪਈ ਦੇ ਪਾਠ ਵਿਚ ਕੀਤੀ ਹੈ। ਚੌਪਈ ਦਾ ਅਰਥ ਹੈ ਕਿ ਚਾਰ ਪਦਾਂ ਵਾਲੀ ਕਵਿਤਾ ਰਚਨਾ। ਹਰ ਕੀਤੀ ਬੇਨਤੀ ਵਿਚ ਚਾਰ ਚਾਰ ਵਾਕ ਅੰਸ਼ ਹਨ।

ਰਹਿਰਾਸ ਦੇ ਪਾਠ ਦੀ ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦੇ ਕੁਝ ਸ਼ਬਦ ਪੜ੍ਹੇ ਜਾਂਦੇ ਹਨ।ਰਾਮ ਕਲੀ ਰਾਗ ਵਿਚ ਤੀਸਰੇ ਗੁਰੂ ਅਮਰਦਾਸ ਜੀ ਵਲੋਂ ਧੰਨਵਾਦ ਦੇ ਸ਼ਬਦ ਹਨ। ਜਿਵੇਂ ਕਿ ਪਹਿਲਾਂ ਵੀ ਅਸੀਂ ਪੜ੍ਹ ਚੁਕੇ ਹਾਂ ਕਿ ਗੁਰੂ ਅਮਰਦਾਸ ਜੀ ਪ੍ਰਮਾਤਮਾ ਨਾਲ ਨਹੀਂ ਸਗੋਂ ਆਪਣੇ ਦੇਹਿਧਾਰੀ ਗੁਰੂ ਨਾਲ ਸੰਬੋਧਿਤ ਹੁੰਦੇ ਹਨ। ਕੁਝ ਇਸੇ ਪ੍ਰਕਾਰ ਦੇ ਭਾਵ ਉਹ ਰਾਮਕਲੀ ਵਿਚ ਵਿਅਕਤ ਕਰਦੇ ਹੋਏ ਆਖਦੇ ਹਨ: ਹੇ ਮੇਰੀ ਮਾਏ ਮੈਂ ਅਨੰਦਤ ਹੋ ਗਿਆ ਹਾਂ ਕਿਓਕਿ ਮੈਨੂੰ ਸਚਾ ਗੁਰੂ ਮਿਲ ਗਿਆ ਹੈ। ਮੇਰੀ ਅਵਸਥਾ ਅਡੋਲ ਹੋ ਗਈ ਹੈ। ਮੇਰੇ ਅੰਦਰ ਖੁਸ਼ੀ ਦੇ ਵਾਜੇ ਅਤੇ ਰਾਗ ਰਾਗਣੀਆ ਵਜਣ ਲਗ ਪਏ ਹਨ। ਲਗਦਾ ਹੈ ਜਿਵੇਂ ਇਹ ਸਭ ਕੁਝ ਕਰਨ ਲਈ ਪਰੀਆਂ ਰਾਗ ਗਾਵਣ ਆ ਗਈਆ ਹੋਣ।ਫਿਰ ਆਪਣੇ ਮੰਨ ਨੂੰ ਆਖਦੇ ਹਨ। ਹੇ ਮਨਾ ਤੂੰ ਇਸੇ ਤਰਹਾ ਸਚੇ ਪਰਮਾਤਮਾ ਨਾਲ ਜੁੜਿਆ ਰਹਿ। ਉਹੀ ਤੇਰੀ ਸਹਾਇਤਾ ਅਤੇ ਹਰ ਕੰਮ ਸਿਰੇ ਚਾੜ੍ਹਨ ਵਾਲਾ ਹੈ। ਹੇ ਮੇਰੇ ਮਾਲਕ ਤੇਰੇ ਘਰ ਕਿਸ ਚੀਜ਼ ਦੀ ਘਾਟ ਹੈ, ਇਹ ਸਭ ਬਰਕਤਾ ਉਸੇ ਨੂੰ ਮਿਲਦੀਆ ਹਨ ਜਿਨ੍ਹਾ ਅੰਦਰ ਤੇਰਾ ਨਾਮ ਵਸਿਆ ਹੋਇਆ ਹੈ। ਤੇਰੀ ਮਿਹਰ ਦੇ ਪਾਤਰਾਂ ਦੇ ਅੰਦਰ ਹੀ 5 ਸਾਜਾਂ ਵਾਲਾ ਸੰਗੀਤ ਵਜਦਾ ਹੈ ਅਤੇ ਪੰਜੋ ਕਿਸਮਾ ਦੇ ਵਿਕਾਰ ਦੂਰ ਹੋ ਜਾਂਦੇ ਹਨ।

ਇਸ ਤੋਂ ਉਪਰੰਤ ਸਿੱਖ ਅਰਦਾਸ ਕਰਦੇ ਹਨ। ਪ੍ਰਮਾਮਾਤਮਾਂ ਦਾ ਸ਼ੁਕਰਾਨਾ ਕਰਦੇ ਹਨ ਕਿ ਚਾਰ ਪਹਿਰ ਦਿਨ ਬੀਤ ਗਿਆ ਹੈ। ਜਿਸ ਤਰ੍ਹਾ ਸੁਖੀ ਸਾਂਦੀ ਦਿਨ ਬੀਤਿਆ ਹੈ ਇਸੇ ਤਰ੍ਹਾ ਚਾਰ ਪਹਿਰ ਰਾਤ ਸੁਖ ਦੀ ਵਰਤਾਈਂ।ਪ੍ਰੀਵਾਰ ਵਿਚ ਸੁਖ ਸ਼ਾਂਤੀ ਰਹੇ। ਸਭ ਦੀ ਦੇਹਿ ਅਰੋਗ ਰਹੇ ਅਤੇ ਤੇਰਾ ਹੀ ਨਾਮ ਚਿਤ ਵਿਚ ਵਸੇ। ਆਖਿਰ ਵਿਚ ਗੁਰੂ ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਮੰਗਦੇ ਹਨ। ਨੀਂਦਰ ਦੀ ਬੁਕਲ ਵਿਚ ਸੌਂ ਜਾਂਦੇ ਹਨ।

## ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

**Barber ਦੀ ਲੋੜ For Men Haircut**

Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
**ਮਾਰਖਮ ਵਿੱਚ ਮਕੈਨਿਕ ਦੀ ਲੋੜ**
- Full Time Heavy Equipment Mechanic (310T Preferred)
- Exp. with CAT equipment & Mack Trucks
- Company truck supplied

ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

**ਦੇਖੋ ਮਾਲਿਸ਼ ਦਾ ਕਮਾਲ**
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

**ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ**
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1 SECURITY SERVICES
**Security Jobs - Security Guard Training - Licensing**
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
**NOW HIRING**
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਕੰਵਲ ਦਾ ਮੁਹੱਬਤਨਾਮਾ-2



-ਪ੍ਰਿੰ. ਸਰਵਣ ਸਿੰਘ-

1947 ਵਿਚ ਦੇਸ਼ ਦੀ ਵੰਡ ਹੋਣ ਪਿੱਛੋ ਡਾ. ਜਸਵੰਤ ਗਿੱਲ ਲਾਹੌਰ ਤੋਂ ਪੂਰਬੀ ਪੰਜਾਬ ਵਿਚ ਆ ਗਈ ਅਤੇ ਸੂਰਜਪੁਰ ਦੀ ਸੀਮੈਂਟ ਫੈਕਟਰੀ ਵਿਚ ਮੈਡੀਕਲ ਡਾਕਟਰ ਲੱਗ ਗਈ। ਇਕ ਭਰਾ ਦਰਸ਼ਨ ਸਿੰਘ ਪ੍ਰੀਤ ਨਗਰ ਵਿਚ ਪ੍ਰੈੱਸ ਮੈਨੇਜਰ ਬਣ ਗਿਆ ਸੀ, ਦੂਜਾ ਭਰਾ ਫੌਜ ਵਿਚ ਅਫਸਰ ਅਤੇ ਤੀਜਾ ਭਰਾ ਪੁਲਿਸ ਵਿਚ ਅਫਸਰ ਲੱਗ ਗਿਆ ਸੀ। ਪਰਿਵਾਰ ਦਾ ਉੱਤਰ ਪ੍ਰਦੇਸ਼ ਵਿਚ ਸ਼ਾਹਜਹਾਨਪੁਰ ਨੇੜੇ ਇਕ ਫਾਰਮ ਸੀ ਜਿਥੇ ਉਨ੍ਹਾਂ ਦੇ ਮਾਤਾ ਪਿਤਾ ਰਹਿਣ ਲੱਗੇ।ਉਅਨ੍ਹਾਂ ਦੇ ਮਾਤਾ ਜੀ ਦਾ ਤੱਤਾ ਸੁਭਾਅ ਬਾਊ ਜੀ ਦੇ ਠੰਢੇ ਸੁਭਾਅ ਨਾਲ ਮੇਲ ਨਹੀਂ ਸੀ ਖਾਂਦਾ ਜਿਸ ਕਰਕੇ ਅਣਬਣ ਬਣੀ ਰਹਿੰਦੀ ਸੀ। ਮਾਂ ਆਪਣੇ ਪਤੀ ਕੋਲ ਰਹਿਣ ਦੀ ਥਾਂ ਧੀ ਕੋਲ ਸੂਰਜਪੁਰ ਰਹਿਣ ਲੱਗ ਪਈ ਸੀ। ਕੰਵਲ 'ਪੁੰਨਿਆਂ ਦਾ ਚਾਨਣ' ਪੁਸਤਕ ਵਿਚ ਇਸ ਦਾ ਕੁਝ ਵਿਸਥਾਰ ਲਿਖਦਾ ਹੈ:

...ਸੁਨੇਹਾ ਆਇਆ ਸੱਜਣਾਂ ਦਾ, ਆਪਾਂ ਯੂ. ਪੀ. ਨੂੰ ਵਹੀਰਾਂ ਘੱਤਣੀਆਂ ਏਂ; ਜਲਦੀ ਪਹੁੰਚ ਜਾਓ। ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਬੱਸ ਫੜੀ ਤੇ ਠੂਹ ਸੂਰਜਪੁਰ।

"ਮਨੂੰਆ! ਆਪਾਂ ਫਾਰਮ 'ਤੇ ਚੱਲਣਾ ਏਂ, ਬਾਊ ਜੀ ਨੇ ਸੱਦਿਆ ਏ।" ਮੈਂ ਵੀ ਬਾਊ ਜੀ ਉਚਾਰਨ ਅਪਣਾ ਲਿਆ ਸੀ। ਉਹ ਪੁਰਾਣੇ ਰਿਸ਼ੀਆਂ ਵਰਗੇ ਸਹਿਣਸ਼ੀਲ ਆਤਮਾ ਸਨ।

ਪਹਿਲੋਂ ਦਿੱਲੀ, ਮੁੜ ਸ਼ਾਹਜਹਾਨਪੁਰ ਜਾ ਉੱਤਰੇ। ਓਥੋਂ ਰੇਲ ਫੜ ਕੇ ਗੰਨੇ ਵਾਲੀ ਮਿੱਲ ਦੇ ਰੇਲਵੇ ਸਟੇਸ਼ਨ 'ਤੇ ਆ ਉੱਤਰੇ। ਫਿਰ ਬਾਊ ਜੀ ਦੇ ਫਾਰਮ ਨੂੰ ਜਾਣ ਵਾਲੇ ਖਾਲੀ ਟਰੱਕ ਦੀਆਂ ਸੀਟਾਂ ਮੱਲ ਲਈਆਂ...।

ਮੈਂ ਮੁਸਕਾ ਕੇ ਕਿਹਾ, "ਦੇਖੋ ਬਾਊ ਜੀ, ਪੁਰਾਣੇ ਰਿਸ਼ੀਆਂ ਵਾਂਗ ਜੰਗਲ ਵਿਚ ਮੰਗਲ ਲਾਈ ਬੈਠੇ ਐ।"

"ਹਆਂ, ਮੰਗਲ ਤਾਂ ਲਾਈ ਬੈਠੇ ਐਂ; ਪਰ ਅਸੀਂ ਸਾਰੇ ਖਿਲਰੇ ਪਏ ਆਂ। ਇਹਨਾਂ ਦੀ ਸਾਂਭ ਸੰਭਾਲ ਤੋਂ ਸਾਰੇ ਹੀ ਅਵੇਸਲੇ ਆਂ। ਉਸ ਦਮ ਸਾਧ ਕੇ ਮੁੜ ਕਿਹਾ, "ਬਾਊ ਜੀ ਨੇ ਨੇਕ ਕਮਾਈ ਨਾਲ ਬੜਾ ਕੁਝ ਕਮਾਇਆ ਤੇ ਸਵਾਰਿਆ। ਅਸੀਂ ਸਾਰੇ ਭੈਣ ਭਰਾ ਉਹਨਾਂ ਦਾ ਦੇਣ ਨਹੀਂ ਦੇ ਸਕਦੇ। ਪਰ ਸਾਰੇ ਹੀ ਆਪਣੀ ਥਾਂ ਰੁੱਝੇ ਖਿਲਰੇ ਪਏ ਆਂ।" ਜਸਵੰਤ ਬਹੁਤ ਕੁਝ ਦੱਸ ਕੇ ਉਦਾਸ ਪੈ ਗਈ, "ਵੱਡੀ ਮੁਸ਼ਕਲ ਇਹ ਐ, ਬਾਊ ਜੀ ਬੇ ਜੀ ਨਾਲ ਨਹੀਂ ਰਹਿ ਸਕਦੇ। ਬਾਊ ਜੀ ਵਰਗਾ ਧਰਮਾਤਮਾ ਤੇ ਸਹਿਣਸ਼ੀਲ ਕਿਸੇ ਹੋਣਾ ਨਹੀਂ ਤੇ ਬੇ ਜੀ ਸਾਰੀ ਉਮਰ ਆਪਹੁਦਰੇ ਰਹੇ ਹਨ। ਉਹਨਾਂ ਦੀ ਬਾਊ ਜੀ ਨਾਲ ਨਹੀਂ ਬਣੀ।" ਮੈਂ ਡਾਕਟਰ ਸਾਹਿਬ ਦੀ ਗੰਭੀਰਤਾ ਦਾ ਹੁੰਗਾਰਾ ਨਾ ਭਰਿਆ। ਉਹਨਾਂ ਮੇਰੇ ਕੂਹਣੀ ਮਾਰ ਕੇ ਪੁੱਛਿਆ, "ਕੀ ਗੱਲ ਮਨੂੰਆ ਚੁੱਪ ਸਾਧ ਲਈ?"


"ਮੈਨੂੰ ਏਥੇ ਬਾਊ ਜੀ ਦੀ ਵਸਾਈ ਦੁਨੀਆਂ ਚੰਗੀ ਚੰਗੀ ਲੱਗੀ ਐ। ਜਿਵੇਂ ਦੂਜਾ ਆਦਮ ਧਰਤੀ ਨੂੰ ਭਾਗ ਲਾਉਣ ਆਇਆ ਹੋਵੇ।" ਮੈਂ ਬਾਊ ਜੀ ਦੀ ਕਿਰਤ ਵਿਸ਼ੇਸ਼ਤਾ ਵਿਚ ਗੁੰਮ ਸਾਂ।

"ਤੁਹਾਡੇ ਵਿਚੋਂ ਕਿਸੇ ਇਕ ਨੂੰ ਇਹਨਾਂ ਨਾਲ ਖਲੋਣਾ ਨਹੀਂ ਚਾਹੀਦਾ?"

"ਸਾਰੇ ਹੀ ਆਪੋ ਆਪਣੇ ਧੰਦਿਆਂ ਵਿਚ ਫਸੇ ਹੋਏ ਐ; ਕੋਈ ਵੀ ਵਿਹਲਾ ਨਹੀਂ। ਪਰ ਮੈਂ ਇਹਨਾਂ ਦੀ ਸੇਵਾ ਨੂੰ ਜ਼ਰੂਰ ਮਹਿਸੂਸ ਕਰਦੀ ਆਂ।"

"ਨਿਰਾ ਮਹਿਸੂਸ ਕਰਨ ਤੇ ਅਮਲ ਵਿਚ ਫਰਕ ਨਹੀਂ ਹੁੰਦਾ? ਦੇਖਦੇ ਨਹੀਂ, ਹਲ ਜੋੜੇ ਬੈਲ ਵਾਂਗ ਤੁਸਾਂ ਸਾਰਿਆਂ ਉਸ ਨੂੰ ਬੁਰੀ ਤਰ੍ਹਾਂ ਵਾਹਿਆ ਏ। ਹੁਣ ਵੀ ਤੁਹਾਡੇ ਸਾਰਿਆਂ ਦੀ ਖ਼ਾਤਰ ਜੰਗਲ ਵਿਚ ਇੱਕਲਾ ਬੈਠਾ ਹੈ; ਜਿਥੇ ਸ਼ੇਰ ਬਘੇਲੇ ਰਹਿੰਦੇ ਹਨ।"

"ਪਰ ਸਾਰੇ ਥਾਂਓ ਥਾਂਈਂ ਮਜਬੂਰੀ ਦੇ ਬੰਨ੍ਹੇ ਪਏ ਐ।" ਉਸ ਹਉਕੇ ਵਰਗਾ ਸਾਹ ਭਰਿਆ।




"ਤੁਸੀਂ ਆਪਣੇ ਕੋਲ ਇਹਨਾਂ ਨੂੰ ਕਿਉਂ ਨਹੀਂ ਰੱਖਦੇ?" ਮੈਂ ਸਵਾਲ ਖੜ੍ਹਾ ਕਰ ਦਿੱਤਾ।

"ਓਹੀ ਮੁਸ਼ਕਲ, ਬੇ ਜੀ ਤੇ ਇਹ, ਦੋਵੇਂ ਇਕੱਠੇ ਨਹੀਂ ਰਹਿ ਸਕਦੇ।"

"ਇਸ ਉਮਰ ਵਿਚ ਤਾਂ ਸਾਂਝ ਵਧਣੀ ਚਾਹੀਦੀ ਸੀ।"

"ਇਹ ਦੂਰ ਰਹਿੰਦੇ ਵੀ ਆਪੋ ਵਿਚ ਝਗੜਦੇ ਰਹਿੰਦੇ ਐ। ਬਾਊ ਜੀ ਨੇ ਮਜਬੂਰ ਹੋ ਕੇ ਹੁਣ ਆਪਣੀ ਹੀ ਦੁਨੀਆ ਵਸਾ ਲਈ ਹੈ।"

"ਇਹ ਤਾਂ ਉਨ੍ਹਾਂ ਦੀ ਸ਼ਾਂਤ ਮਜਬੂਰੀ ਹੈ।"

ਮੈਂ ਪੰਜ ਸਾਲ ਦਾ ਸਾਂ, ਜਦੋਂ ਮੋਹਰਕੇ ਤਾਪ ਨਾਲ ਪਿਤਾ ਜੀ ਪੂਰੇ ਹੋ ਗਏ ਸਨ। ਮੇਰੇ ਜੀ ਵਿਚ ਆਉਂਦੀ ਸੀ; ਮੈਂ ਉਨ੍ਹਾਂ ਦੀ ਕੋਈ ਸੇਵਾ ਨਾ ਕਰ ਸਕਿਆ। ਉਹ ਵਿਚਾਰ ਮੈਂ ਜਸਵੰਤ ਅੱਗੇ ਰੱਖ ਦਿੱਤੇ।ਡਾ. ਜਸਵੰਤ ਗਿੱਲ ਦੀ ਬੇ ਜੀ ਆਪਣੇ ਪਤੀ ਜਾਂ ਪੁੱਤਰਾਂ ਪਾਸ ਰਹਿਣ ਦੀ ਥਾਂ ਆਪਣੀ ਧੀ ਪਾਸ ਸੂਰਜਪੁਰ ਰਹਿਣ ਲੱਗ ਪਈ ਸੀ। ਜਾਂ ਕਹਿ ਲਓ ਕਿ ਧੀ ਮਾਂ ਨੂੰ ਆਪਣੇ ਕੋਲ ਲੈ ਆਈ ਸੀ ਜਿਥੇ ਉਸ ਦੀ ਸੇਵਾ ਸੰਭਾਲ ਚੰਗੀ ਤਰ੍ਹਾਂ ਕਰ ਸਕਦੀ ਸੀ। ਪਰਿਵਾਰਕ ਹਾਲਾਤ ਅਜਿਹੇ ਬਣ ਗਏ ਸਨ ਕਿ ਜਸਵੰਤ ਗਿੱਲ ਦਾ ਵਿਆਹ ਪਿੱਛੇ ਹੀ ਪਿੱਛੇ ਪੈਂਦਾਜਾ ਰਿਹਾ ਸੀ ਜਿਸ ਨੂੰ ਉਹ ਕੰਵਲ ਦੇ ਸਵਾਲ "ਤੂੰ ਹਾਲੇ ਤਕ ਵਿਆਹ ਕਿਉਂ ਨਹੀਂ ਕਰਵਾਇਆ?" ਦਾ ਜਵਾਬ ਦਿੰਦਿਆਂ "ਹਾਣੀ ਨਹੀਂ ਮਿਲਿਆ; ਜੇ ਮਿਲਦਾ ਤਾਂ ਕਰਵਾ ਲੈਣਾ ਸੀ।" ਕਹਿ ਕੇ ਟਾਲ ਗਈ ਸੀ।

ਜਿਸ ਸਟੇਜ 'ਤੇ ਜਸਵੰਤ ਸਿੰਘ ਕੰਵਲ ਤੇ ਡਾ. ਜਸਵੰਤ ਗਿੱਲ ਮਿਲੇ ਸਨ, ਜੇਕਰ ਦੋਵੇਂ ਹੀ ਕੁਆਰੇਜਾਂ ਤਲਾਕਸ਼ੁਦਾ ਹੁੰਦੇ ਤਾਂ ਉਨ੍ਹਾਂ ਦੇ ਵਿਆਹ ਕਰਵਾਉਣ 'ਚ ਕੋਈ ਅੜਿੱਕਾ ਨਹੀਂ ਸੀ ਹੋਣਾ। ਫਿਰ ਉਨ੍ਹਾਂ ਦੇ ਵਿਆਹ ਦੀ ਖ਼ੁਸ਼ੀ ਵੀ ਵਾਜਿਆਂ ਗਾਜਿਆਂ ਨਾਲ ਮਨਾਈ ਜਾਣੀ ਸੀ। ਸ਼ਰੀਕੇ ਕਬੀਲੇ ਵਿਚ ਕੰਵਲ ਦਾ ਕੱਦ ਹੋਰ ਵਧਣਾ ਸੀ ਬਈ ਆਪ ਭਾਵੇਂ ਦਸਵੀਂ ਫੇਲ੍ਹ ਸੀ ਪਰ ਡਾਕਟਰ ਕੁੜੀ ਵਿਆਹ ਲਿਆਇਆ! ਖੁੰਢ ਚਰਚਾ ਸਿਰਫ ਏਨੀ ਕੁ ਹੋਣੀ ਸੀ ਕਿ ਗਿੱਲਾਂ ਦੇ ਮੁੰਡੇਨੇ ਗਿੱਲਾਂ ਦੀ ਕੁੜੀ ਨਾਲ ਹੀ ਵਿਆਹ ਕਰਵਾ ਲਿਆ!ਪਰ ਇਹ ਚਰਚਾ ਅੱਗੇ ਨਹੀਂ ਸੀ ਤੁਰਨੀ ਕਿਉਂਕਿ ਕਈ ਥਾਈਂ ਸਿੱਧੂ-ਸਿੱਧੂ, ਢਿੱਲੋਂ-ਢਿੱਲੋਂ, ਗਰੇਵਾਲ-ਗਰੇਵਾਲ ਤੇ ਹੋਰ ਗੋਤੀਆਂ ਦੇ ਇਕੋ ਗੋਤ 'ਚ ਵਿਆਹ ਹੋਣ ਲੱਗ ਪਏ ਸਨ। ਬਾਦਲ ਪਰਿਵਾਰ ਤੇ ਕੈਰੋਂ ਪਰਿਵਾਰ ਦੋਵਾਂ ਦਾ ਗੋਤ ਢਿੱਲੋਂ ਹੈ ਪਰ ਉਹ ਇਕੋ ਗੋਤ 'ਚ ਵਿਆਹੇ ਹੋਏ ਹਨ। ਹੋਰ ਵੀ ਬਥੇਰੇ ਪਰਿਵਾਰ ਹਨ ਜੋ ਗੋਤ ਦੀ ਨਿੰਦ ਵਿਚਾਰ ਨਹੀਂ ਕਰਦੇ। ਕੰਵਲ ਦੀ ਛੋਟੀ ਧੀ ਡਾ. ਜਸਵੰਤ ਗਿੱਲ ਦੇ ਭਤੀਜੇ ਨਾਲ ਵਿਆਹੀ ਹੈ।

ਕੰਵਲ ਵਿਆਹਿਆਤੇ ਬਾਲ ਬੱਚੇਦਾਰ ਹੋਣ ਕਰਕੇ ਬੋਚ ਬੋਚ ਕੇ ਕਦਮ ਪੁੱਟਣਾ ਦੋਹਾਂ ਧਿਰਾਂ ਦੀ ਮਜਬੂਰੀ ਬਣ ਗਿਆ ਸੀ। ਕੰਵਲ ਦਾ ਬਿੰਬ ਗਿਆਨੀ ਧਿਆਨੀ ਤੇ ਪਿੰਡ ਦਾ ਸਰਪੰਚ ਹੋਣ ਕਰਕੇ ਇੱਜ਼ਤਦਾਰ ਕਬੀਲਦਾਰ ਦਾ ਬਣਿਆ ਹੋਇਆ ਸੀ। ਡਾ. ਜਸਵੰਤ ਗਿੱਲ ਵੀ ਮੰਨੇ ਦੰਨੇ ਖਾਨਦਾਨ ਦੀ ਇੱਜ਼ਤਦਾਰ ਲੜਕੀ ਸੀ। ਪੰਜਾਬੀ ਸੱਭਿਆਚਾਰ ਦੀਆਂ ਮਨਾਉਤਾਂਉਸ ਸਮੇਂ ਉਨ੍ਹਾਂ ਦਾ ਵਿਆਹ ਹੋਣ ਦੀ ਸੂਰਤ ਵਿਚ ਭੰਡੀ ਪ੍ਰਚਾਰ ਦਾ ਵਾਇਸ ਬਣ ਸਕਦੀਆਂ ਸਨ। ਇਹੋ ਵਜ੍ਹਾ ਸੀ ਕਿ ਦੋਹਾਂ ਨੇ ਆਪਣੇ ਪਿਆਰ ਦੇ ਭੇਤ ਨੂੰ ਭੇਤ ਬਣਾਈ ਰੱਖਣ ਵਿਚ ਹੀ ਭਲਾ ਸਮਝਿਆ।

ਇਸ ਸਥਿਤੀ ਨੂੰ ਰਾਜਿੰਦਰ ਸਿੰਘ ਰਾਹੀ ਨੇ ਕੰਵਲ ਬਾਰੇ ਲਿਖੇ ਲੇਖ 'ਦੋ ਬੇੜੀਆਂ ਦਾ ਸਫਲ ਸਵਾਰ' ਵਿਚ ਇੰਜ ਬਿਆਨ ਕੀਤਾ ਹੈ, "ਚਾਰ ਧੀਆਂ ਦਾ ਕਬੀਲਦਾਰ ਬਾਪ ਹੋਣ ਦੇ ਨਾਲ ਨਾਲ ਕੰਵਲ ਪਿੰਡ ਦਾ ਆਗੂ ਵੀ ਸੀ। ਜੇਕਰ ਉਸ ਦਾ ਡਾ. ਗਿੱਲ ਨਾਲ ਰਿਸ਼ਤਾ ਪਿੰਡ ਵਿਚ ਨਸ਼ਰ ਹੋ ਜਾਂਦਾ ਤਾਂ ਇਹ ਰਿਸ਼ਤਾ ਪਿੰਡ ਦੇ ਲੋਕਾਂ ਦੀਆਂ ਨਜ਼ਰਾਂ ਵਿਚ 'ਨਜਾਇਜ਼ ਸੰਬੰਧ' ਵਜੋਂ ਹੀ ਰੜਕਣਾ ਸੀ। ਕੰਵਲ ਭਾਵੇਂ ਸਾਹਿਤਕ ਭੁੱਖ ਦੀ ਲੱਖ ਦੁਹਾਈ ਦੇਈ ਜਾਂਦਾ, ਲੋਕਾਂ ਨੇ ਜ਼ਰੂਰ ਦੁਰ ਦੁਰ ਕਰਨਾ ਸੀ। ਇਸ ਕਰਕੇ ਕੰਵਲ ਨੇ ਇਸ ਬੁੱਕਲ ਦੇ ਰਿਸ਼ਤੇ ਬਾਰੇ ਦੜ ਵੱਟ ਲਈ ਸੀ। ਉਹ ਹੀਰ ਦਾ ਆਸ਼ਕ ਸੀ, ਲੰਮੀ ਹੇਕ ਨਾਲ ਹੀਰ ਪੜ੍ਹਨੀ ਉਸ ਦਾ ਮਨਪਸੰਦ ਸ਼ੌਕ ਸੀ। ਵਾਰਸ ਸ਼ਾਹ ਉਸ ਨੂੰ ਸੱਚ ਮੁੱਚ ਹੀ ਅਕਲ ਦਾ ਕੋਟ ਜਾਪਦਾ ਸੀ। ਉਸ ਨੇ ਵਾਰਸ ਦੀ ਸਮਝੌਤੀ ਪੀਡੀ ਗੰਢ ਮਾਰ ਕੇ ਲੜ ਬੰਨ੍ਹ ਲਈ: ਵਾਰਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ। ........ (ਚਲਦਾ)

# ਵਿਵਾਦਾਂ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ?



ਜਸਵੰਤ ਸਿੰਘ 'ਅਜੀਤ'

ਬੀਤੇ ਕੁਝ ਸਮੇਂ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਵਿਵਾਦਾਂ ਵਿੱਚ ਘਿਰਦੀ ਨਜ਼ਰ ਆਉਣ ਲਗੀ ਹੈ। ਜਾਪਦਾ ਹੈ ਕਿ ਗੁਰਦੁਆਰਾ ਕਮੇਟੀ ਦੇ ਮੁੱਖੀ ਆਪ ਹੀ ਜਾਣੇ-ਅਨਜਾਣੇ ਕੀਤੇ ਜਾ ਰਹੇ ਆਪਣੇ ਫੈਸਲਿਆਂ ਕਾਰਣ ਆਪਣੇ ਵਿਰੁਧ ਵਿਵਾਦਾਂ ਨੂੰ ਜਨਮ ਦੇ ਰਹੇ ਹਨ। ਹਰ ਕੋਈ ਜਾਣਦਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਵਲੋਂ 13 ਅਕਤੂਬਰ ਨੂੰ ਦਿੱਲੀ, ਗੁਰਦੁਆਰਾ ਬੰਗਲਾ ਸਾਹਿਬ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਤਕ ਲਈ ਨਗਰ ਕੀਰਤਨ ਦਾ ਆਯੋਜਨ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੋਇਆ ਹੈ। ਜਿਸਦੀ ਸਫਲਤਾ ਲਈ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸਹਿਤ ਗੁਰਦੁਆਰਾ ਕਮੇਟੀ ਦੇ ਕਈ ਮੁੱਖੀਆਂ ਅਤੇ ਮੈਂਬਰਾਂ ਤੋਂ ਇਲਾਵਾ ਸਟਾਫ ਤਕ ਸਿਰ ਸੁਟ, ਜੁਟਿਆ ਹੋਇਆ ਹੈ। ਸ. ਸਿਰਸਾ ਸਹਿਤ ਗੁਰਦੁਆਰਾ ਕਮੇਟੀ ਕਈ ਮੁੱਖੀ ਦਿੱਲੀ ਅਤੇ ਪੰਜਾਬ ਦੀ ਸਿੱਖ ਜਥੇਬੰਦੀਆਂ ਦੇ ਮੁਖੀਆਂ ਤਕ ਪਹੁੰਚ ਕਰ ਉਨ੍ਹਾਂ ਨੂੰ ਨਗਰ ਕੀਰਤਨ ਦੀ ਸਫਲਤਾ ਵਿੱਚ ਸਹਿਯੋਗ ਦੇਣ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦਾ ਸਦਾ ਦੇ ਰਹੇ ਹਨ। ਇਨ੍ਹਾਂ ਹੀ ਦਿਨਾਂ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਆਪਣੇ ਪ੍ਰਬੰਧ ਹੇਠਲੇ ਸਕੂਲਾਂ ਦੇ ਪ੍ਰਿੰਸੀਪਲਾਂ ਦੇ ਨਾਂ ਜਾਰੀ ਇੱਕ ਗਸ਼ਤੀ ਪਤ੍ਰ ਸੋਸ਼ਲ ਮੀਡੀਆ ਪੁਰ ਵਾਇਰਲ ਹੋਇਆ ਹੈ, ਜਿਸ ਵਿੱਚ ਪ੍ਰਿੰਸੀਪਲਾਂ ਨੂੰ ਹਿਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਨਾਲ ਸੰਬੰਧਤ ਵਿਦਿਅਕ ਸੰਸਥਾ ਦੇ ਨਾਨ-ਟੀਚਿੰਗ ਸਟਾਫ ਦੇ ਦਸ-ਦਸ ਅਜਿਹੇ ਮੈਂਬਰਾਂ ਨੂੰ ਤਿਅਰ ਕਰ, ਉਨ੍ਹਾਂ ਦੀ ਲਿਸਟ ਕਮੇਟੀ ਦੇ ਦਫਤਰ ਵਿੱਚ ਪੁਜਦੀ ਕਰਨ, ਜੋ 13 ਅਕਤੂਬਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਤੋਂ ਅਰੰਭ ਹੋ ਰਹੇ ਕੌਮਾਂਤਰੀ ਨਗਰ ਕੀਰਤਨ ਨਾਲ ਵਾਹਗਾ (ਅਟਾਰੀ) ਬਾਰਡਰ ਤਕ ਜਾ ਸਕਣ। ਜੇ ਸਾਧਾਰਣ ਰੁਪ ਵਿੱਚ ਵੇਖਿਆ ਜਾਏ ਤਾਂ ਇਸ ਵਿੱਚ ਕੋਈ ਗਲਤ ਨਹੀਂ ਕਿ ਗੁਰਦਆਰਾ ਕਮੇਟੀ ਵਲੋਂ ਕਮੇਟੀ ਅਤੇ ਆਪਣੇ ਅਧੀਨ ਚਲ ਰਹੀਆਂ ਸੰਸਥਾਵਾਂ ਦੇ ਸਟਾਫ ਨੂੰ ਕਮੇਟੀ ਦੇ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਰਿਹਾ ਕਰੇ, ਪ੍ਰੰਤੂ ਜਿਥੋਂ ਤਕ ਕਮੇਟੀ ਅਧੀਨ ਚਲਦੀਆਂ ਵਿਦਿਅਕ ਸੰਸਥਾਵਾਂ ਦੇ ਸਟਾਫ ਨੂੰ ਵਰਤਣ ਦਾ ਸੁਆਲ ਹੈ, ਤਕਨੀਕੀ ਤੌਰ ਤੇ ਉਹ ਸਿੱਧਾ ਉਨ੍ਹਾਂ ਦੇ ਮੁਖੀਆਂ ਨੂੰ ਅਦੇਸ਼ ਨਹੀਂ ਦੇ ਸਕਦੀ, ਕਿਉਂਕਿ ਇਨ੍ਹਾਂ ਸੰਸਥਾਵਾਂ ਨਾਲ ਸੰਬੰਧਤ ਜੋ ਮਾਮਲੇ ਅਦਾਲਤ ਵਿਚ ਚਲ ਰਹੇ ਹਨ, ਉਨ੍ਹਾਂ ਵਿਚ ਇਨ੍ਹਾਂ ਵਿਦਿਅਕ ਸੰਸਥਾਵਾਂ ਦੀ ਸੰਚਾਲਕ ਦੇ ਰੂਪ ਵਿੱਚ ਇੱਕ ਵਖਰੀ ਸੰਸਥਾ ਦਾ ਨਾਂ ਵਰਤਿਆ ਜਾ ਰਿਹਾ ਹੈ ਅਤੇ ਉਸੇ ਦੇ ਨਾਂ ਤੇ, ਸੰਬੰਧਤ ਮਾਮਲਿਆਂ ਦੀ ਪੈਰਵੀ ਕੀਤੀ ਜਾ ਰਹੀ ਹੈ। ਇਸ ਕਰਕੇ ਗੁਰਦੁਆਰਾ ਕਮੇਟੀ ਦੇ ਕਿਸੇ ਵੀ ਅਹੁਦੇਦਾਰ ਪਾਸ ਇਹ ਅਧਿਕਾਰ ਨਹੀਂ ਰਹਿ ਜਾਂਦਾ ਕਿ ਉਹ ਸਿੱਧਾ ਸਕੂਲਾਂ ਦੇ ਪ੍ਰਿੰਸੀਪਲਾਂ ਦੇ ਨਾਂ ਇਸਤਰ੍ਹਾਂ ਦਾ ਕੋਈ ਆਦੇਸ਼ ਜਾਰੀ ਕਰ ਸਕੇ। ਉਧਰ ਸ. ਸਿਰਸਾ ਦੇ ਵਿਰੋਧੀਆਂ ਨੇ ਇਸ ਆਦੇਸ਼ ਦੀ, ਆਪਣੀ ਸੋਚ ਦੇ ਆਧਾਰ ਵਿਆਖਿਆ ਕਰਦਿਆਂ, ਇਹ ਆਖ ਸ. ਸਿਰਸਾ ਪੁਰ ਹਮਲੇ ਸ਼ੁਰੂ ਕਰ ਦਿੱਤੇ ਹਨ, ਕਿ ਜਾਪਦਾ ਹੈ ਕਿ ਸ, ਸਿਰਸਾ ਇਸ ਨਗਰ ਕੀਰਤਨ ਦੀ 'ਸ਼ੋਭਾ' ਵਧਾਣ ਲਈ ਸੰਗਤਾਂ ਅਤੇ ਸਥਾਨਕ ਸਿੱਖ ਜਥੇਬੰਦੀਆਂ ਦਾ ਸਹਿਯੋਗ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋ ਪਾ ਰਹੇ, ਜਿਸ ਕਾਰਣ ਉਨ੍ਹਾਂ ਨੇ ਕਮੇਟੀ ਤੇ ਉਸਦੀਆਂ ਸੰਸਥਾਵਾਂ ਦੇ ਸਟਾਫ ਦੀਆਂ ਡਿਉਟੀਆਂ, ਨਗਰ ਕੀਰਤਨ ਨਾਲ ਚਲ, ਉਸਦੀ 'ਸ਼ੋਭਾ' ਵਧਾਣ ਵਾਸਤੇ, ਉਸਦੇ ਦੀਆਂ ਡਿਊਟੀਆਂ ਲਾਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇੰਸਟੀਚਿਊਸ਼ਨ ਬੰਦ ਕਰਨਾ: ਅਜੇ ਇਹ ਵਿਵਾਦ ਚਲ ਹੀ ਰਿਹਾ ਸੀ ਕਿ ਇਹ ਖਬਰ ਆ ਗਈ ਕਿ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਹੇਠ ਹਰਿਗੋਬਿੰਦ ਐਨਕਲੇਵ ਵਿਖੇ ਚਲ ਰਹੀ ਇੱਕ ਤਕਨੀਕੀ ਇੰਨਸਟੀਚਿਓਟ ਨੂੰ ਬੰਦ ਕਰ, ਉਸਦੀ ਇਮਾਰਤ ਕਿਸੇ ਹੋਰ ਸੰਸਥਾ ਨੂੰ ਤਿੰਨ ਵਰ੍ਹਿਆਂ ਲਈ ਲੀਜ਼ ਤੇ ਦੇ ਦਿੱਤੀ ਗਈ ਹੈ। ਗੁਰਦੁਆਰਾ ਕਮੇਟੀ ਦੇ ਇੱਕ ਜ਼ਿਮੇਂਦਾਰ ਅਹੁਦੇਦਾਰ ਅਨੁਸਾਰ ਇਸਦਾ ਕਾਰਣ ਇਹ ਹੈ ਕਿ ਇਹ ਸੰਸਥਾ ਕਾਫੀ ਸਮੇਂ ਤੋਂ ਘਾਟੇ ਤੇ ਚਲ ਰਹੀ ਸੀ ਇਸ ਕਰਕੇ ਇਸਨੂੰ ਬੰਦ ਕਰਨਾ ਜ਼ਰੂਰੀ ਹੋ ਗਿਆ ਸੀ। ਉਨ੍ਹਾਂ ਦੀ ਇਸ ਦਲੀਲ ਨੂੰ ਚੁਨੌਤੀ ਦਿੰਦਿਆਂ ਕਿਹਾ ਗਿਆ ਕਿ ਗੁਰਦੁਆਰਾ ਕਮੇਟੀ ਵਲੋਂ ਸਿੱਖੀ ਦੀਆਂ ਮਾਨਤਾਵਾਂ ਦਾ ਪਾਲਣ ਕਰਦਿਆਂ, ਅਜਿਹੀਆਂ ਸੰਸਥਾਵਾਂ ਦੀ ਸਥਾਪਨਾ ਅਤੇ ਉਨ੍ਹਾਂ ਦਾ ਸੰਚਾਲਣ ਲਾਭ-ਹਾਨੀ ਦੇ ਅਧਾਰ ਪੁਰ ਨਹੀਂ ਕੀਤਾ ਜਾਂਦਾ, ਸਗੋਂ ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਤੇ ਸੰਚਾਲਣ ਸਿੱਖੀ ਅਤੇ ਵਿਦਿਆ ਦੇ ਪ੍ਰਚਾਰ-ਪਸਾਰ ਦੇ ਉਦੇਸ਼ ਨਾਲ ਕੀਤੀ ਜਾਂਦੀ ਹੈ। ਕਈ ਅਕਾਲੀ ਮੁੱਖੀਆਂ ਨੇ ਇਸ ਸੰਸਥਾ ਦੀ ਇਮਾਰਤ ਨੂੰ ਲੀਜ਼ ਤੇ ਦਿੱਤੇ ਜਾਣ ਤੇ ਹੀ ਸਵਾਲ ਖੜੇ ਕਰ ਦਿੱਤੇ ਅਤੇ ਇਸਦੇ ਲਈ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਲੋਂ ਦਿੱਤੀ ਗਈ ਇਸ ਦਲੀਲ ਨੂੰ ਵੀ ਖਾਰਜ ਕਰ ਦਿੱਤਾ ਕਿ ਸਕੂਲ ਜ਼ਮੀਨ ਦੇ ਇਕ ਹਿਸੇ ਪੁਰ ਸੰਬੰਧਤ ਇੰਸਟੀਚਿਊਟ ਨੂੰ ਗੈਰ-ਅਧਿਕਾਰਤ ਰੂਪ ਵਿੱਚ ਚਲਾਇਆ ਜਾ ਰਿਹਾ ਸੀ, ਇਸ ਕਰਕੇ ਉਸਨੂੰ ਬੰਦ ਕਰ, ਉਸਦੇ ਲਈ ਵਰਤੀ ਜਾ ਰਹੀ ਇਮਾਰਤ ਨੂੰ ਲੀਜ਼ ਤੇ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਨਾਲ ਗੁਰਦੁਆਰਾ ਕਮੇਟੀ ਨੂੰ ਲਗਭਗ ਚਾਰ ਲੱਖ ਰੁਪਏ ਮਹੀਨੇ ਦੀ ਵਾਧੂ ਆਮਦਨ ਹੋਵੇਗੀ। ਕਮੇਟੀ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਪਹਿਲਾਂ ਸੁਆਲ ਤਾਂ ਇਹ ਹੀ ਉਠਾਇਆ ਜਾ ਰਿਹਾ ਹੈ ਕਿ ਜੇ ਕਮੇਟੀ ਦੀ ਆਪਣੀ ਇੰਸਟੀਚਿਊਟ ਦਾ ਇਸ ਇਮਾਰਤ ਵਿੱਚ ਚਲਾਇਆ ਜਾਣਾ ਗੈਰ-ਕਾਨੂੰਨੀ ਸੀ ਤਾਂ ਫਿਰ ਕਿਸੇ ਸੰਸਥਾ ਹੋਰ ਨੂੰ ਲੀਜ਼ ਤੇ ਦਿਤੇ ਜਾਣ ਨਾਲ, ਇਸਦੀ ਵਰਤੋਂ ਕਿਵੇਂ ਜਾਇਜ਼ ਸਵੀਕਾਰੀ ਜਾ ਸਕੇਗੀ?

ਸਕੂਲ ਕੰਪਲੈਕਸ ਵਿੱਚ ਕਲਬ: ਇਸਦੇ ਨਾਲ ਹੀ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇੱਕ ਬਿਆਨ ਜਾਰੀ ਕਰ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਸਿਰਸਾ ਪੁਰ ਦੋਸ਼ ਲਾਦਿਆਂ ਕਿਹਾ ਕਿ ਉਨ੍ਹਾਂ ਵਲੋਂ ਖੇਡਾਂ ਦੇ ਨਾਂ 'ਤੇ ਕਰੋੜਾਂ ਰੁਪਏ ਦੀ ਖੇਡ ਖੇਡੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੇ ਇਹ ਖੇਡ ਜਾਰੀ ਰਹੀ ਤਾਂ, ਕਮੇਟੀ ਦੀ ਅਣਗਹਿਲੀ ਕਾਰਣ ਸਕੂਲ ਦੀ ਲੀਜ਼ ਹੀ ਰੱਦ ਨਹੀਂ ਹੋ ਸਕਦੀ, ਸਗੋਂ ਸਿੱਖਾਂ ਦੀ ਅਮਾਨਤ, ਕਰੋੜਾਂ ਰੁਪਏ ਦੀ ਜ਼ਮੀਨ ਵੀ ਹਥੋਂ ਨਿਕਲ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸਦੇ ਲਈ ਜ਼ਿਮੇਂਦਾਰ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ ਨਿਜੀ ਲਾਭ ਲਈ ਲਿਆ ਗਿਆ ਫੈਸਲਾ ਹੋ ਸਕਦਾ ਹੈ। ਉਨ੍ਹਾਂ ਆਪਣੇ ਇਸ ਦੋਸ਼ ਦਾ ਖੁਲਾਸਾ ਕਰਦਿਆਂ ਦਸਿਆ ਕਿ ਸ. ਸਿਰਸਾ ਨੇ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਹਨੇਰੇ ਵਿੱਚ ਰਖਦਿਆਂ, 'ਲਾਈਫ ਸਟਾਈਲ ਸਵਿਮ ਐਂਡ ਜਿਮ' ਕੰਪਨੀ ਨਾਲ ਸਮਝੌਤਾ ਕਰ, ਗੁਰੂ ਹਰਿਕਿਸ਼ਨ ਪਬਲਿਕ ਸਕੂਲ ਵਸੰਤ ਵਿਹਾਰ ਦੇ ਕੰਪਲੈਕਸ ਦੀ 22000 ਵਰਗ ਫੁਟ ਜ਼ਮੀਨ ਪੁਰ ਇਕ ਕਲਬ ਖੁਲਵਾ ਦਿੱਤਾ ਹੈ। ਉਧਰ ਦਿੱਲੀ ਕਮੇਟੀ ਨੇ ਜੀਕੇ ਵਲੋਂ ਲਾਏ ਗਏ ਦੋਸ਼ਾਂ ਦਾ ਕੋਈ ਜਵਾਬ ਦੇਣ ਦੀ ਬਜਾਏ, ਉਨ੍ਹਾਂ ਪੁਰ ਜਵਾਬੀ ਹਮਲਾ ਕਰਦਿਆਂ ਕਿਹਾ ਗਿਆ ਕਿ ਜੀਕੇ ਸੁਰਖੀਆਂ ਵਿੱਚ ਰਹਿਣ ਲਈ ਬਿਆਨਬਾਜ਼ੀ ਕਰ ਰਹੇ ਹਨ।

ਵਿਸ਼ਵ ਆਰਥਕਤਾ 'ਤੇ ਭਾਰਤ: ਵਿਸ਼ਵ ਬੈਂਕ ਵਲੋਂ ਆਰਥਕ ਵਰ੍ਹੇ 2018 ਦੇ ਜਾਰੀ ਅੰਕੜਿਆਂ ਅਨੁਸਾਰ ਜੀਡੀਪੀ ਦੇ ਮਾਮਲੇ ਵਿੱਚ ਭਾਰਤ 7-ਵੇਂ ਨੰਬਰ 'ਤੇ ਆ ਗਿਆ ਹੋਇਆ ਹੈ, ਜਦਕਿ ਬਰਤਾਨੀਆ ਅਤੇ ਫਰਾਂਸ ਤਰਤੀਬਵਾਰ ਪੰਜਵੇਂ ਅਤੇ ਛੇਵੇਂ ਨੰਬਰ'ਤੇ ਪਹੁੰਚ ਗਏ ਹਨ। ਸਾਲ-2017 ਵਿੱਚ ਭਾਰਤ ਫਰਾਂਸ ਨੂੰ ਪਛਾੜ ਅਗੇ ਪੁਜ ਗਿਆ ਸੀ, ਪ੍ਰੰਤੂ ਇਸ ਵਾਰ ਉਹ ਫਿਸਲ ਕੇ ਉਸਤੋਂ ਹੇਠਾਂ ਆ ਗਿਆ ਹੈ। ਦਸਿਆ ਗਿਆ ਹੈ ਕਿ ਜੀਡੀਪੀ ਦੇ ਮਾਮਲੇ ਵਿੱਚ ਅਮਰੀਕੀ ਆਰਥਕਤਾ ਸਿਖਰ ਤੇ ਬਣੀ ਹੋਈ ਹੈ। 2018 ਦੇ ਕਾਰੋਬਾਰੀ ਵਰ੍ਹੇ ਵਿੱਚ ਅਮਰੀਕਾ ਦੀ ਜੀਡੀਪੀ 20.5 ਟ੍ਰਿਲਿਆਨ ਡਾਲਰ ਰਹੀ। ਜਦਕਿ ਅਮਰੀਕਾ ਤੋਂ ਬਾਅਦ ਦੂਸਰੇ ਨੰਬਰ 'ਤੇ ਚੀਨ ਆਉਂਦਾ ਹੈ, ਜਿਸਦੀ ਜੀਡੀਪੀ 13.6 ਟ੍ਰਿਲਿਅਨ ਡਾਲਰ ਰਹੀ ਹੈ। 5 ਟ੍ਰਿਲਿਅਨ ਡਾਲਰ ਦੀ ਜੀਡੀਪੀ ਨਾਲ ਜਾਪਾਨ ਤੀਜੇ ਨੰਬਰ ਪੁਰ ਹੈ। ਬਰਤਾਨੀਆ ਅਤੇ ਫਰਾਂਸ 2.8 ਟ੍ਰਿਲਿਅਨ ਡਾਲਰ ਦੇ ਜੀਡੀਪੀ ਨਾਲ ਪੰਜਵੇਂ ਅਤੇ ਛੇਵੇਂ ਨੰਬਰ ਤੇ ਰਹੇ, ਜਦਕਿ ਭਾਰਤ ਦੀ ਜੀਡੀਪੀ 2.7 ਟ੍ਰਿਲਿਅਨ ਡਾਲਰ ਦਰਜ ਕੀਤੀ ਗਈ। ਆਰਥਕ ਮਾਹਿਰ ਭਾਰਤ ਦੀ ਆਰਥਕਤਾ ਦੇ ਹੇਠਾਂ ਫਿਸਲਣ ਦਾ ਮੁਖ ਕਾਰਣ ਰੁਪਏ ਦੀ ਕਮਜ਼ੋਰੀ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਵਰ੍ਹੇ, ਅਰਥਾਤ 2018 ਵਿੱਚ ਡਾਲਰ ਦੇ ਮੁਕਾਬਲੇ ਰੁਪਿਆ 5 ਫੀਸਦੀ ਕਮਜ਼ੋਰ ਹੋਇਆ ਸੀ। ਉਨ੍ਹਾਂ ਮਾਹਿਰਾਂ ਅਨੁਸਾਰ ਹੀ ਸਾਲ 2018 ਵਿੱਚ ਜੀਡੀਪੀ ਵਿਕਾਸ ਦਰ ਵੀ ਘਟ ਰਹੀ, ਜਿਸਦਾ ਅਸਰ ਭਾਰਤੀ ਆਰਥਕਤਾ ਪੁਰ ਪਿਆ ਹੈ।

...ਅਤੇ ਅੰਤ ਵਿੱਚ : ਬੀਤੇ ਦਿਨੀਂ ਕੇਂਦਰੀ ਸਰਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਦੇਸ਼ ਵਿੱਚ ਬੇਰੁਜ਼ਗਾਰੀ ਦਰ 6.1 ਫੀਸਦੀ ਹੈ, ਜੋ ਬੀਤੇ 45 ਵਰ੍ਹਿਆਂ ਵਿੱਚ ਸਭਤੋਂ ਵੱਧ ਦਸੀ ਜਾਂਦੀ ਹੈ। ਇਸਦੇ ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ 2018-2019 ਦੀ ਚੌਥੀ ਤਿਮਾਹੀ ਵਿੱਚ ਆਰਥਕ ਵਿਕਾਸ ਦਰ ਪੰਜ ਵਰ੍ਹਿਆਂ ਦੇ ਘਟੋ-ਘਟ ਪਧਰ 5.8 'ਤੇ ਆ ਗਈ ਹੈ। ਮੰਨਿਆਂ ਜਾਂਦਾ ਹੈ ਕਿ ਪਿਛਲੀਆਂ ਆਮ ਚੋਣਾਂ ਤੋਂ ਪਹਿਲਾਂ ਬੇਰੁਜ਼ਗਾਰੀ ਦੇ ਜੋ ਅੰਕੜੇ ਲੀਕ ਹੋਏ ਸਨ, ਉਨ੍ਹਾਂ ਪੁਸ਼ਟੀ ਸਰਕਾਰ ਵਲੋਂ ਬੀਤੇ ਦਿਨੀਂ ਜਾਰੀ ਅੰਕੜਿਆਂ ਨਾਲ ਹੋ ਗਈ ਹੈ

ਮੋਬਾ: + 91 95 82 71 98 90

# ਹਲਕਾ ਫੁਲਕਾ

ਪਿਓ (ਪੁੱਤਰ ਨੂੰ), "ਤੇਰੀ ਮੰਮੀ ਇੰਨੀ ਸ਼ਾਂਤੀ ਨਾਲ ਕਿਉਂ ਬੈਠੀ ਹੈ?"
ਪੁੱਤਰ, "ਕੁਝ ਨਹੀਂ ਪਿਤਾ ਜੀ, ਉਨ੍ਹਾਂ ਲਿਪਸਟਿਕ ਲਿਆਉਣ ਨੂੰ ਕਿਹਾ ਸੀ ਅਤੇ ਮੈਂ ਫੈਵੀਸਟਿਕ ਦੇ ਆਇਆਂ।"

*********

ਇੱਕ ਔਰਤ ਰੋ ਰਹੀ ਸੀ। ਗੋਪੀ ਦੀ ਪਤਨੀ ਨੇ ਪੁੱਛਿਆ, "ਕੀ ਹੋਇਆ, ਰੋ ਕਿਉਂ ਰਹੀ ਏਂ?"
ਔਰਤ, "ਆਪਣੇ ਪਤੀ ਦੇ ਭੁੱਲਣ ਦੀ ਬਿਮਾਰੀ ਤੋਂ ਤੰਗ ਆ ਕੇ ਰੋ ਰਹੀ ਹਾਂ।"
ਗੋਪੀ ਦੀ ਪਤਨੀ, "ਓ ਮੈਂ ਤਾਂ ਨਹੀਂ ਰੋਂਦੀ, ਮੇਰੇ ਪਤੀ ਵੀ ਇੰਨੇ ਭੁਲੱਕੜ ਹਨ ਕਿ ਕੱਲ੍ਹ ਸਬਜ਼ੀ ਮੰਡੀ 'ਚ ਮਿਲੇ ਤਾਂ ਮੈਨੂੰ ਕਹਿਣ ਲੱਗੇ: ਭੈਣ ਜੀ, ਤੁਹਾਨੂੰ ਕਿਤੇ ਦੇਖਿਆ ਹੈ।"

*********

ਪਤੀ ਨੇ ਪਤਨੀ ਨੂੰ ਮੈਸੇਜ ਕੀਤਾ, "ਹਾਏ, ਵ੍ਹਾਟ ਆਰ ਯੂ ਡੂਇੰਗ ਡਾਰਲਿੰਗ?"
ਪਤਨੀ, "ਆਈ ਐਮ ਡਾਈਂਗ।"
ਪਤੀ ਖ਼ੁਸ਼ੀ ਨਾਲ ਉਛਲ ਪਿਆ, ਪਰ ਖ਼ੁਸ਼ੀ ਦਬਾਉਂਦਾ ਹੋਇਆ ਬੋਲਿਆ, "ਸਵੀਟ ਹਾਰਟ, ਮੈਂ ਤੇਰੇ ਬਿਨਾਂ ਨਹੀਂ ਜੀਅ ਸਕਦਾ।"
ਪਤਨੀ "ਬੇਵਕੂਫ, ਮੈਂ ਆਪਣੇ ਵਾਲ ਡਾਈ ਕਰ ਰਹੀ ਹਾਂ।"

*********

ਅਧਿਆਪਕਾ, "ਮੈਂ ਦੋ ਵਾਕ ਦੇਵਾਂਗੀ, ਤੁਸੀਂ ਉਨ੍ਹਾਂ ਵਿਚਕਾਰ ਫਰਕ ਦੱਸਣਾ ਹੈ? ਵਾਕ ਹਨ-1 ਉਸ ਨੇ ਭਾਂਡੇ ਧੋਤੇ। 2. ਉਸ ਨੂੰ ਭਾਂਡੇ ਧੋਣੇ ਪਏ।"
ਪੱਪੂ, "ਮੈਡਮ, ਪਹਿਲੇ ਵਾਕ ਵਿੱਚ ਕਰਤਾ ਅਣਵਿਆਹਿਆ ਹੈ ਤੇ ਦੂਜੇ ਵਿੱਚ ਕਰਤਾ ਵਿਆਹਿਆ ਹੋਇਆ ਹੈ।"


# AZ ਡਰਾਇਵਰਾਂ ਦੀ ਲੋੜ ਹੈ

New Drivers are welcome



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715

Tri-City Professional Realty Inc., Brokerage. Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.





Mcvean / Castlemore

3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900


Darcel/Brandon Gate

ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


TREETOP TREKKING
UNLEASH
the adventurer inside!
“ ਆਉ ਗਰਮੀਆਂ ਨੂੰ ਮਜ਼ੇਦਾਰ ਬਣਾਈਏ ”
Use Promocode: PunjabiPost & get up to *15% off on Zip Line & Aerial Game Treks. *Conditions apply
TREETOPTREKKING.COM
6 locations in Ontario, Including Brampton.
ZIPLINE ADVENTURE PARK IN BRAMPTON!


African Lion Safari®
Canada's Original Safari Adventure™
GET CLOSER
Celebrating 50 WILD years!
OPEN DAILY MAY 4 - SEPTEMBER 29, 2019
Save up to $18.00*
*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019.
C0022
Located One Hour West of Toronto. 1386 Cooper Road, Hamilton, Ontario
VISIT LIONSAFARI.COM AND PLAN YOUR TRIP TODAY!


ASIAN FOOD CENTRE
Raksha BANDHAN SALE
8th Aug to 18th Aug 2019
www.AsianFoodCentre.com
Fresh Fruits, Vegetables, Indian & Canadian Grocery
$9.99 EA GOLDEN TEMPLE ATTA (YELLOW BAG)
$11.99 EA PILLSBURRY CHAKKI ATTA
$9.99 EA ASHIRVAD ATTA 10KG
$8.99 10LB INDIA GATE ROZZANA RICE
$8.99 8LB ASIAN BASMATI RICE
$5.99 8LB AFC BIRYANI RICE
$16.99 20LB DAAWAT SONA MASOORI RICE
$6.99 8LB QUALITY IDLI RICE
$3.99 EA SAVERA PANEER (341G)
$1.29 305G BRITANNIA WHEAT RUSK
$1.79 EA POPULAR SAMOSA (400G)
$2.29 1G SAFFRON
$5.99 EA SAVERA RASMALAI
$4.29 2LB FRONTIER COOKIES
$1.99 EA ASHOKA ALPHANSO MANGO PULP
$7.99 5KG $19.99 20LB TRUST SUGAR
$6 FOR $1 70GM YIPPEE NOODLES
$.79 1KG MR.GOUDAS SALT
$4.29 4LB ASIAN BESAN
$2 FOR $1 75G GOOD DAY BISCUITS
$3.99 EA TOOBA GINGER GARLIC PASTE (750ML)
$1.49 1L FROOTI
$3.99 1L HEINZ KETCHUP
$1.99 EA HALDIRAM PARATHA/NAAN
$5.99 25PCS POPULAR PARATHA
$1.29 EA DEEP CUT/WHOLE OKRA
$2.79 EA UDUPI READY TO EAT
$1.99 EA MTR READY TO EAT
$6.99 EA APNA TASTE RASMALAI
$7.99 2.84L MAZOLA CORN/CANOLA OIL


$1.99 350G HALDIRAM SOAN PAPDI
$2.99 4LB RED LENTIL / MASSAR WHOLE
$2.99 4LB WHITE CHANA
$3.49 4LB BLACK CHANA
$4.99 EA BIKANERI COOKIES
$4.99 EA APNA TASTE GULAB JAMUN
$3.29 340ML MAGGI ASST SAUCE
$2.29 BOURBON BISCUIT
$1.99 + TAX LINDA SOAP(270G)
$2.29 EA DEEP PARATHA
$1.49 EA MR. GOUDAS CHICK PEAS (796ML)
$.89 EA NUTRELA SOYA GRANULES (200G)
$.99 EA HALDIRAM ALU BONDA/ CHOLE BHATURE/DUM ALOO/PANEER MAKHANI
$4.99 1LB CASHEW PIECES
$3.49 + TAX SILKY BATHROOM TISSUE
VARIETIES OF RAKHI AVAILABLE
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
ASIAN FOOD CENTRE
We reserve the right to limit the quantity. Prices subject to change without notice, while supplies last. Product Images are for illustration purpose only. Design & Print by InfoTech Media



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

1% Top Ranked in Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010 **(RE/MAX International) (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON


ਕੈਨੇਡੀ / ਡੋਗੱਲ
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਂਡ ਓਕ ਸਟੇਅਰਕੇਸ, ਸਟੈਂਡ ਹਾਰਡਵੁਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ।

BRAMPTON

ਕੰਟਰੀਸਾਈਡ / ਮੇਅਫਿਲਡ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

ਬੋਵੇਰਡ/ਚਿੰਗੁਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੇਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON

ਸੈਂਟ ਏਡਰੀਊ/ ਹਾਈਵੇ 24
SOLD! SOLD! SOLD! AT BEST PRICE

BRAMPTON

ਵੈਨ ਕੂਕ/ਵੇਨਲੈਸ/ਮੇਅਫਿਲਡ
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife


Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

REXDALE BODY SHOP
USED CAR SALE

CHEEMA
Specialization In:
* All Kinds of Body Work
* Auto Glass Windshield
* Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
LOWEST PRICE IN TOWN Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

TechSpirit
Consultation, Installation & Servicing

Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount



For online shopping visit www.techspirit.ca
– SAME DAY SHIPPING – 100% SECURE PAYMENT
T.V WALL MOUNT ਵੀ ਇੰਸਟਾਲ ਕਰਦੇ ਹਨ
Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM